# ਝੂਠੇ ਪੰਥ

ਫ੍ਰੈਂਕਲਿਨ ਦੇ ਨੋਟਸ

I. ਜਾਣ-ਪਛਾਣ
   A. ਵਚਨ ਵਿੱਚੋਂ ਚੇਤਾਵਨੀਆਂ
   B. ਪਰਿਭਾਸ਼ਾਵਾਂ

II. ਯਹੋਵਾਹ ਵਿਟਨਸ
   A. ਪਿਛੋਕੜ
   B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

III. ਮੋਰਮੋਨਿਜ਼ਮ
   A. ਪਿਛੋਕੜ
   B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

IV. ਯੂਨੀਫਿਕੇਸ਼ਨ ਚਰਚ
   A. ਪਿਛੋਕੜ
   B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

V. ਨਿਊ ਏਜ ਮੂਵਮੈਂਟਸ
   A. ਪਿਛੋਕੜ
   B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

VI. "ਓਨਲੀ ਜੀਸਸ" ਚਰਚਸ
   A. ਪਿਛੋਕੜ
   B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

VII. ਸੈਵਨਥ-ਡੇ ਐਡਵੇਂਟਿਸਟ
   A. ਪਿਛੋਕੜ

B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

VIII. ਮਾਈਂਡ ਸਾਇੰਸਸ

A. ਪਿਛੋਕੜ

B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

IX. ਪੁਸਤਕ ਸੂਚੀ (ਬਿਬਲਿਓਗ੍ਰਾਫੀ)

# ਝੂਠੇ ਪੰਥ

ਫ੍ਰੈਂਕਲਿਨ ਦੇ ਨੋਟਸ

## I. ਜਾਣ-ਪਛਾਣ

### A. ਵਚਨ ਵਿੱਚੋਂ ਚੇਤਾਵਨੀਆਂ

1. ਮੱਤੀ 24:4-5 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਚੌਕਸ ਰਹੋ ਭਈ ਤੁਹਾਨੂੰ ਕੋਈ ਭੁਲਾਵੇ ਵਿੱਚ ਨਾ ਪਾਵੇ। ਕਿਉਂ ਜੋ ਮੇਰਾ ਨਾਮ ਧਾਰ ਕੇ ਬਥੇਰੇ ਇਹ ਕਹਿੰਦੇ ਆਉਣਗੇ ਜੋ ਮੈਂ ਮਸੀਹ ਹਾਂ ਅਤੇ ਬਹੁਤਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ।
2. ਮੱਤੀ 24:11 ਅਰ ਬਹੁਤ ਝੂਠੇ ਨਬੀ ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ।

3. ਮੱਤੀ 24:24 ਕਿਉਂਕਿ ਝੂਠੇ ਮਸੀਹ ਅਤੇ ਝੂਠੇ ਨਬੀ ਉੱਠਣਗੇ ਅਰ ਅਜੇਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ ਕਿ ਜੇ ਹੋ ਸੱਕਦਾ ਤਾਂ ਓਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦਿੰਦੇ।
4. 1 ਯੂਹੰਨਾ 2:18-19 ਹੇ ਬਾਲਕੋ, ਇਹ ਅੰਤ ਦਾ ਸਮਾ ਹੈ ਅਤੇ ਜਿਵੇਂ ਤੁਸਾਂ ਸੁਣਿਆ ਭਈ ਮਸੀਹ ਦਾ ਵਿਰੋਧੀ ਆਉਂਦਾ ਹੈ ਸੋ ਹੁਣ ਵੀ ਮਸੀਹ ਦੇ ਵਿਰੋਧੀ ਬਾਹਲੇ ਉੱਠੇ ਹੋਏ ਹਨ ਜਿਸ ਤੋਂ ਅਸੀਂ ਜਾਣਦੇ ਹਾਂ ਭਈ ਇਹ ਅੰਤ ਦਾ ਸਮਾ ਹੈ। ਓਹ ਸਾਡੇ ਵਿੱਚੋਂ ਨਿੱਕਲ ਗਏ ਪਰ ਸਾਡੇ ਨਾਲ ਦੇ ਨਹੀਂ ਸਨ ਕਿਉਂਕਿ ਜੋ ਸਾਡੇ ਨਾਲ ਦੇ ਹੁੰਦੇ ਤਾਂ ਸਾਡੇ ਨਾਲ ਹੀ ਰਹਿੰਦੇ। ਪਰ ਓਹ ਨਿੱਕਲ ਗਏ ਤਾਂ ਜੋ ਪਰਗਟ ਹੋਣ ਭਈ ਓਹ ਸੱਭੇ ਸਾਡੇ ਨਾਲ ਦੇ ਨਹੀਂ ਹਨ।
5. ਗਲਾਤੀਆਂ 1:6-9 ਮੈਂ ਅਚਰਜ ਹੁੰਦਾ ਹਾਂ ਜੋ ਤੁਸੀਂ ਉਸ ਤੋਂ ਜਿਹ ਨੇ ਮਸੀਹ ਦੀ ਕਿਰਪਾ ਵਿੱਚ ਤੁਹਾਨੂੰ ਸੱਦਿਆ ਐਨੀ ਛੇਤੀ ਹੋਰ ਕਿਸੇ ਖੁਸ਼ ਖਬਰੀ ਦੀ ਵੱਲ ਝੁੱਕਦੇ ਜਾਂਦੇ ਹੋ। ਪਰ ਉਹ ਤਾਂ ਦੂਜੀ ਖੁਸ਼ ਖਬਰੀ ਨਹੀਂ ਪਰੰਤੂ ਕਈਕੁ ਹਨ ਜਿਹੜੇ ਤੁਹਾਨੂੰ ਘਬਰਾਉਂਦੇ ਅਤੇ ਮਸੀਹ ਦੀ ਖੁਸ਼ ਖਬਰੀ ਨੂੰ ਵਿਗਾੜਨਾ ਚਾਹੁੰਦੇ ਹਨ। ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ ਖਬਰੀ ਤੁਹਾਨੂੰ ਸੁਣਾਵੇ ਤਾਂ ਉਹ ਸਰਾਪਤ ਹੋਵੇ! ਜਿੱਕੁਰ ਅਸਾਂ ਅੱਗੇ ਕਿਹਾ ਹੈ ਤਿੱਕੁਰ ਮੈਂ ਹੁਣ ਫੇਰ ਵੀ ਆਖਦਾ ਹਾਂ ਭਈ ਜੇ ਕੋਈ ਉਸ ਖੁਸ਼ ਖਬਰੀ ਤੋਂ ਬਿਨਾ ਜਿਹੜੀ ਤੁਸਾਂ ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ ਖਬਰੀ ਸੁਣਾਵੇ ਤਾਂ ਉਹ ਸਰਾਪਤ ਹੋਵੇ!

### B. ਪਰਿਭਾਸ਼ਾਵਾਂ

1. ਮਸੀਹਤ ਦਾ ਹੀ ਇੱਕ **ਝੂਠਾ ਪੰਥ** ਉਨ੍ਹਾਂ ਲੋਕਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਜੋ ਕਿਸੇ ਆਗੂ, ਆਗੂਆਂ ਦੇ ਸਮੂਹ ਜਾਂ ਸੰਸਥਾ ਦੁਆਰਾ ਸਿਖਾਈ ਗਈ ਸਿਧਾਂਤ ਪ੍ਰਣਾਲੀ (ਡਾਕਟ੍ਰਿਨ, ਸਿੱਖਿਆ) ਅਨੁਸਾਰ ਚੱਲਦੇ ਹਨ, ਪਰ ਬਾਈਬਲ ਵਿੱਚ ਸਿਖਾਏ ਗਏ ਮਸੀਹੀ ਵਿਸ਼ਵਾਸ ਦੀਆਂ ਕੇਂਦਰੀ ਸਿੱਖਿਆਵਾਂ ਦਾ

ਇਨਕਾਰ ਕਰਦੇ ਹਨ।

2. **ਝੂਠਾ ਪੰਥ** – ਇੱਕ ਧਾਰਮਿਕ ਸਮੂਹ ਜਿਸ ਵਿੱਚ ਇਹ ਵਿਸ਼ੇਸ਼ ਲੱਛਣ ਪਾਏ ਜਾਂਦੇ ਹਨ:
   a) ਇਸ ਦਾ ਇੱਕ ਆਗੂ ਹੁੰਦਾ ਹੈ ਜੋ ਦਾਅਵਾ ਕਰਦਾ ਹੈ ਕਿ ਉਹ ਪਰਮੇਸ਼ੁਰ ਦੁਆਰਾ ਬੁਲਾਇਆ ਗਿਆ ਹੈ ਅਤੇ ਉਸ ਨੂੰ ਪਰਮੇਸ਼ੁਰ ਵੱਲੋਂ ਇਸ ਤਰ੍ਹਾਂ ਦਾ ਸੰਦੇਸ਼ ਦਿੱਤਾ ਗਿਆ ਹੈ ਜੋ ਬਾਈਬਲ ਵਿੱਚ ਨਹੀਂ ਮਿਲਦਾ।
   b) ਉਹ ਸੰਦੇਸ਼ ਨੂੰ ਅਕਸਰ ਪਰਮੇਸ਼ੁਰ ਤੋਂ ਪ੍ਰੇਰਣਾ ਦੁਆਰਾ ਪ੍ਰਾਪਤ ਕੀਤੀਆਂ ਲਿਖਤਾਂ ਕਹਿ ਕੇ ਪੇਸ਼ ਕਰਦਾ ਹੈ ਅਤੇ ਆਮ ਤੌਰ ਤੇ ਇਹ ਸੰਦੇਸ਼ ਅੰਤ ਸਮੇਂ ਬਾਰੇ ਹੁੰਦਾ ਹੈ। ਪਰ ਇਹ ਸਿੱਖਿਆਵਾਂ ਅਤੇ/ਜਾਂ ਦਸਤੂਰ ਵਚਨ ਵਿਚਲੀਆਂ ਸਿੱਖਿਆਵਾਂ ਦੇ ਉਲਟ ਹੁੰਦੇ ਹਨ।
   c) ਉਹ ਅਧਿਕਾਰ ਜਤਾਉਂਦੇ ਹੋਏ ਅਗਵਾਈ ਕਰਦਾ ਹੈ ਅਤੇ ਇਸ ਕਰਕੇ ਚਾਹੁੰਦਾ ਹੈ ਕਿ ਲੋਕ ਨਿਯਮਬੱਧ ਜੀਵਨ ਜੀਣ।
   d) ਸਮੂਹ ਦਾਅਵਾ ਕਰਦਾ ਹੈ ਕਿ ਕੇਵਲ ਉਨ੍ਹਾਂ ਦਾ ਤਰੀਕਾ ਹੀ ਸਹੀ ਤਰੀਕਾ ਹੈ।
   e) ਉਹ ਬਾਕੀ ਸਾਰਿਆਂ ਵੱਲੋਂ ਸਤਾਏ ਜਾਣ ਦੀ ਆਸ ਰੱਖਦੇ ਹਨ।

3. **ਮੱਤ (ਫਿਰਕਾ)** – ਇੱਕ ਸਮੂਹ ਜੋ ਜਿਆਦਾ ਸਖਤੀ, ਸਮਰਪਣ ਜਾਂ ਕਿਸੇ ਕੰਮ ਨੂੰ ਵੱਖਰੇ ਢੰਗ ਨਾਲ ਕਰਨ ਦੇ ਸਿਧਾਂਤ ਦੇ ਅਧਾਰ ’ਤੇ ਆਪਣੇ ਆਪ ਨੂੰ ਸਵੀਕ੍ਰਿਤ ਸਮੂਹ ਨਾਲੋਂ ਅਲੱਗ ਰੱਖਦਾ ਹੈ। ਆਮ ਤੌਰ ਤੇ ਇਸ ਦਾ ਮੁੱਖ ਸਿਧਾਂਤ ਕੱਟੜਵਾਦੀ ਵਿਸ਼ਵਾਸ ਦਾ ਹੀ ਕੋਈ ਇੱਕ ਪਹਿਲੂ ਹੁੰਦਾ ਹੈ, ਜੋ ਹੁਣ ਖਤਮ ਹੁੰਦਾ ਜਾ ਰਿਹਾ, ਅਣਦੇਖਿਆਂ ਕੀਤਾ ਜਾ ਰਿਹਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਸ ਦਾ ਪਾਲਣ ਪੂਰੀ ਤਰ੍ਹਾਂ ਨਹੀਂ ਕੀਤਾ ਜਾ ਰਿਹਾ। ਉਦਾਹਰਣਾਂ: ਕੁਏਕਰਸ, ਮੀਨੋਨਾਇਟਸ, ਮੁਕਤੀ ਫ਼ੌਜ, ਪਲਾਈਮਾਊਥ ਬ੍ਰਦਰਨ ਅਤੇ ਪੈਂਟੀਕਾਸਟਲ। ਜਿਨ੍ਹਾਂ ਸਾਰਿਆਂ ਨੂੰ ਹੁਣ ਡਿਨੋਮੀਨੇਸ਼ਨਾਂ ਵਿੱਚ ਆਦਰਯੋਗ ਦਰਜਾ ਹਾਸਲ ਹੋ ਚੁੱਕਾ ਹੈ।

4. **ਡਿਨੋਮੀਨੇਸ਼ਨ** – ਇੱਕ ਅਜਿਹਾ ਫਿਰਕਾ ਜਾਂ ਸਮੂਹ ਜਿਸ ਨੇ ਆਪਣੇ ਆਪ ਨੂੰ ਸੰਸਥਾਗਤ ਮਸੀਹਤ ਤੋਂ ਅਲੱਗ ਕਰ ਲਿਆ ਹੈ ਅਤੇ ਸਮੇਂ ਦੇ ਨਾਲ-ਨਾਲ ਕੱਟੜਤਾ ਵਿੱਚ ਆਪਣੀ ਸਥਿਰਤਾ ਅਤੇ ਭਰੋਸੇਯੋਗਤਾ ਦੀ ਸਾਖ ਬਣਾ ਲਈ ਹੈ।

5. **ਰੂੜ੍ਹੀਵਾਦੀ ਸਮੂਹ ਲਹਿਰ (ਫੰਡਾਮੈਂਟਲ ਫ੍ਰਿੰਜ ਮੂਵਮੈਂਟ)** – ਸਿੱਖਿਆ (ਡਾਕਟਟ੍ਰਿਨ) ਦੇ ਹਿਸਾਬ ਨਾਲ ਉਹ ਪੂਰੇ ਕੱਟੜਵਾਦੀ ਹੁੰਦੇ ਹਨ, ਵਚਨ ਦੇ ਅਧਿਕਾਰ, ਤ੍ਰਿਏਕਤਾ, ਮਸੀਹ ਦੇ ਪਰਮੇਸ਼ੁਰ ਹੋਣ ਅਤੇ ਇਤਿਹਾਸਕ ਮਸੀਹਤ ਦੇ ਮੂਲ ਨਿਯਮਾਂ ਉੱਤੇ ਵਿਸ਼ਵਾਸ ਕਰਦੇ ਹਨ। ਕਾਰਜ ਪ੍ਰਣਾਲੀ ਅਤੇ ਵਿਹਾਰਕ ਰੂਪ ਵਿੱਚ ਉਹ ਆਮ ਤੌਰ ਤੇ ਅਧਿਕਾਰਵਾਦੀ ਹੁੰਦੇ ਹਨ ਅਤੇ ਧੌਂਸ ਜਮਾਉਣ ਵਾਲੇ ਆਗੂਆਂ ਦੁਆਰਾ ਚਲਾਏ ਜਾਂਦੇ ਹਨ ਜੋ ਆਪਣੇ ਪਿੱਛੇ ਚੱਲਣ ਵਾਲੇ ਲੋਕਾਂ ਦੇ ਵਿਅਕਤੀਗਤ ਜੀਵਨਾਂ ਉੱਤੇ ਸਖਤ ਕੰਟਰੋਲ ਰੱਖਦੇ ਹਨ।

## II. ਯਹੋਵਾਹ ਵਿਟਨਸ

### A. ਪਿਛੋਕੜ

ਦ ਵਾਚਟਾਵਰ ਬਾਈਬਲ ਅਤੇ ਟ੍ਰੈਕਟ ਸੋਸਾਇਟੀ, ਜਿਸ ਨੂੰ ਆਮ ਤੌਰ ਤੇ ਯਹੋਵਾਹ ਵਿਟਨਸ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੀ ਸਥਾਪਨਾ ਪੇਨਸਲਵੇਨਿਆ ਦੇ ਅਲੈਗੇਨੀ ਸ਼ਹਿਰ ਦੇ ਰਹਿਣ ਵਾਲੇ ਚਾਰਲਸ ਟੇਜ਼ ਰਸੇਲ ਦੁਆਰਾ 1880 ਦੇ ਦਹਾਕੇ ਵਿੱਚ ਕੀਤੀ ਗਈ। ਰਸੇਲ ਆਪਣੇ ਬਚਪਨ ਵਿੱਚ ਪ੍ਰੈਸਬਿਟੇਰੀਅਨ ਅਤੇ ਕਾਂਗਰੀਗੇਸ਼ਨਲ ਕਲੀਸਿਯਾਵਾਂ ਵਿੱਚ ਜਾਂਦਾ ਸੀ ਅਤੇ ਨਰਕ ਸੰਬੰਧੀ ਉਨ੍ਹਾਂ ਦੀ ਸਿੱਖਿਆ ਉਸ ਨੂੰ ਸਵੀਕਾਰ ਕਰਨੀ ਔਖੀ ਜਾਪਦੀ ਸੀ। ਸੈਵਨਥ-ਡੇ ਐਡਵੇਂਟਿਸਟ ਦੇ ਪ੍ਰਭਾਵ ਅਧੀਨ, ਰਸੇਲ ਨੇ ਉਨ੍ਹਾਂ ਦੀ ਇਸ ਸਿੱਖਿਆ ਨੂੰ ਗ੍ਰਹਿਣ ਕਰ ਲਿਆ ਕਿ “ਨਰਕ” ਕਬਰ ਨੂੰ ਕਿਹਾ ਗਿਆ ਹੈ ਅਤੇ ਅੰਤ ਵਿੱਚ ਦੁਸ਼ਟ ਨੂੰ ਸਦਾਕਾਲ ਤੱਕ ਯਾਤਨਾ ਨਹੀਂ ਦਿੱਤੀ ਜਾਵੇਗੀ, ਬਲਕਿ ਉਸ ਦਾ ਖਾਤਮਾ ਕਰ ਦਿੱਤਾ ਜਾਵੇਗਾ। ਉਸ ਨੇ ਐਡਵੇਂਟਿਸਟ ਦੇ ਪ੍ਰਭਾਵ ਹੇਠ ਇਸ ਸਿੱਖਿਆ ਨੂੰ ਵੀ ਮੰਨ ਲਿਆ ਕਿ ਮਸੀਹ ਦਾ ਦੂਸਰਾ ਆਗਮਨ ਅਦ੍ਰਿਸ਼ ਆਤਮਕ “ਹਜ਼ੂਰੀ” ਹੈ ਅਤੇ ਉਹ ਸ਼ੁਰੂ ਹੋ ਚੁੱਕਾ ਸੀ, ਨਾ ਕਿ ਇਹ ਭਵਿੱਖ ਵਿੱਚ ਹੋਣ ਵਾਲਾ ਸਰੀਰਕ ਆਗਮਨ ਹੈ। ਰਸੇਲ ਨੇ ਤ੍ਰਿਏਕਤਾ ਅਤੇ ਮਸੀਹ ਦੇ ਪਰਮੇਸ਼ੁਰ ਹੋਣ ਦੇ ਸਿਧਾਂਤ (ਡਾਕਟ੍ਰਿਨ) ਦਾ ਵੀ ਇਨਕਾਰ ਕੀਤਾ। ਰਸੇਲ ਦੀ ਮੌਤ 1916 ਵਿੱਚ ਇਹ ਵਿਸ਼ਵਾਸ ਕਰਦੇ ਹੋਏ ਹੋਈ ਕਿ ਪਹਿਲਾ ਸੰਸਾਰ ਯੁੱਧ ਆਰਮੇਗਦੋਨ ਸੀ।

ਜੋਸੇਫ਼ ਰਦਰਫੋਰਡ (1942 ਵਿੱਚ ਮੌਤ ਹੋਈ), ਜੋ ਸੋਸਾਇਟੀ ਦਾ ਕਨੂੰਨੀ ਸਲਾਹਕਾਰ ਸੀ, ਰਸੇਲ ਤੋਂ ਬਾਅਦ ਉਹ ਇਸ ਲਹਿਰ ਦਾ ਮੁਖੀ ਬਣ ਗਿਆ ਅਤੇ ਉਸ ਦੇ ਕਾਰਜ ਕਾਲ ਦੌਰਾਨ ਹੀ ਉਨ੍ਹਾਂ ਨੇ ਯਸਾਯਾਹ 43:12 ਵਿੱਚੋਂ “ਯਹੋਵਾਹ ਵਿਟਨਸ (ਯਹੋਵਾਹ ਦੇ ਗਵਾਹ)” ਨਾਮ ਰੱਖ ਲਿਆ। ਅੱਜ ਘੱਟੋ-ਘੱਟ ਪੰਜਾਹ ਲੱਖ ਯਹੋਵਾਹ ਵਿਟਨਸ ਸੰਸਾਰ ਵਿੱਚ ਕਿਰਿਆਸ਼ੀਲ ਹਨ। ਉਨ੍ਹਾਂ ਨੂੰ ਧਰਮ ਪਰਿਵਰਤਨ ਕਰਾਉਣ ਦੇ ਵੱਡੇ ਯਤਨ ਕਰਨ ਵਾਲਿਆਂ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਅਤੇ ਉਹ ਲੱਗਭਗ ਸਾਲ ਦੇ 100 ਕਰੋੜ ਘੰਟੇ ਗਵਾਹੀ ਦੇਣ ਦੇ ਕੰਮ ਵਿੱਚ ਲਗਾਉਂਦੇ ਹਨ। ਜਿਸ ਦਾ ਅਰਥ ਹੈ ਕਿ ਹਰੇਕ ਮੈਂਬਰ ਸਾਲ ਵਿੱਚ ਲੱਗਭਗ 200 ਘੰਟੇ ਦਿੰਦਾ ਹੈ। ਯਹੋਵਾਹ ਵਿਟਨਸ ਵੱਡੀ ਗਿਣਤੀ ਵਿੱਚ ਛਾਪਿਆ ਜਾਣ ਵਾਲਾ ਲਿਟਰੇਚਰ ਵੀ ਵੰਡਦੇ ਹਨ, ਜੋ ਕਿਸੇ ਵੀ ਹੋਰ ਝੂਠੇ ਪੰਥ ਨਾਲੋਂ ਕਿਤੇ ਵੱਧ ਹੈ।

### B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. **ਬਾਈਬਲ ਦੇ ਅਧਿਕਾਰ** ਦੀ ਜਗ੍ਹਾ ਉਹ ਆਪਣੇ ਆਗੂਆਂ ਦੀਆਂ ਵਿਆਖਿਆਵਾਂ ਨੂੰ ਅੰਤਿਮ ਅਧਿਕਾਰ ਮੰਨਦੇ ਹਨ। ਰਸੇਲ ਅਤੇ ਰਦਰਫੋਰਡ ਦੀਆਂ ਲਿਖਤਾਂ ਨੂੰ ਬਾਈਬਲ ਤੋਂ ਜਿਆਦਾ ਮਹੱਤਵ ਦਿੱਤਾ ਜਾਂਦਾ ਹੈ। ਉਹ ਕੇਵਲ ਆਪਣੇ ਨਿਊ ਵਰਲਡ ਅਨੁਵਾਦ ਦਾ ਹੀ ਇਸਤੇਮਾਲ ਕਰਦੇ ਹਨ ਜਿਸ ਵਿੱਚ ਵਚਨ ਦੇ ਮੁਖ ਭਾਗਾਂ ਦੀ ਸ਼ਬਦਾਵਲੀ ਵਿੱਚ ਬਹੁਤ ਸਾਰੇ ਬਦਲਾਵ ਕੀਤੇ ਗਏ ਹਨ।

   **ਜਵਾਬ**: ਲੂਕਾ 4:4 ਅਤੇ 8 ਵਿੱਚ ਖੁਦ ਯਿਸੂ ਦੁਆਰਾ ਵਚਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ ਹੈ। ਇਹ ਵੀ

ਦੇਖੋ: 2 ਤਿਮੋਥਿਉਸ 3:16 ਅਤੇ 2 ਪਤਰਸ 3:15-16.

2. **ਤ੍ਰਿਏਕਤਾ** ਦਾ ਇਹ ਮੰਨ ਕੇ ਇਨਕਾਰ ਕਰ ਦਿੱਤਾ ਗਿਆ ਕਿ ਇਹ ਵਚਨ ਅਨੁਸਾਰ ਨਹੀਂ ਹੈ ਅਤੇ ਗੈਰ-ਕੌਮਾਂ ਦੇ ਪ੍ਰਭਾਵ ਦਾ ਨਤੀਜਾ ਹੈ। **ਜਵਾਬ:** ਮੁੱਢਲੀ ਸਿੱਖਿਆ ਭਾਗ 1 ਦੇ ਨੋਟਸ ਵਿੱਚ ਤ੍ਰਿਏਕਤਾ ਨੂੰ ਦੇਖੋ।

3. ਉਨ੍ਹਾਂ ਦੀ ਇਹ ਗਲਤ ਸੋਚ ਹੈ ਕਿ ਦੁਸ਼ਟ ਸ਼ਾਸਤਰੀਆਂ ਨੇ **ਪਰਮੇਸ਼ੁਰ ਦੇ** ਸਹੀ ਨਾਮ ਯਹੋਵਾਹ ਨੂੰ ਬਾਈਬਲ ਵਿੱਚੋਂ ਹਟਾ ਦਿੱਤਾ। ਉਨ੍ਹਾਂ ਨੇ ਆਪਣੇ ਨਿਊ ਵਰਲਡ ਅਨੁਵਾਦ ਬਾਈਬਲ ਵਿੱਚ ਇਸ ਨਾਮ ਨੂੰ ਵਾਪਸ ਲਿਆ ਹੈ।

   **ਜਵਾਬ:** ਈਸ਼ਵਰ ਦਾ ਸਭ ਤੋਂ ਆਮ ਨਾਮ "ਪਰਮੇਸ਼ੁਰ" ਹੈ, ਜੋ ਮੂਲ ਭਾਸ਼ਾ ਦੇ ਇਲੋਹਿਮ ਦਾ ਅਨੁਵਾਦ ਹੈ (ਉਤਪਤ 1:1 ਅਤੇ ਹੋਰ ਬਹੁਤ ਸਾਰੇ ਸਥਾਨਾਂ 'ਤੇ)। ਇਲੋਹਿਮ ਬਹੁਵਚਨ ਨਾਂਵ ਹੈ ਜੋ ਤ੍ਰਿਏਕਤਾ ਨੂੰ ਪਰਗਟ ਕਰਦਾ ਹੈ। ਇੱਕ ਹੋਰ ਨਾਮ ਹੈ ਜਿਸ ਨੂੰ ਖਾਸ ਕਰਕੇ ਪਰਮੇਸ਼ੁਰ ਲਈ ਵਿਸ਼ੇਸ਼ ਅਤੇ ਉਚਿਤ ਕਹਿ ਕੇ ਉਸ ਨਾਲ ਜੋੜਿਆ ਗਿਆ ਹੈ, ਉਹ ਨਾਮ ਹੈ ਚਾਰ ਅੱਖਰਾਂ ਵਾਲਾ YHWH (ਕੂਚ 3:14, ਯਸਾਯਾਹ 42:8 ਅਤੇ ਹੋਰ ਸਥਾਨਾਂ 'ਤੇ)। ਇਹ ਲਿਖਤਾਂ ਵਿੱਚੋਂ ਹਟਾਇਆ ਨਹੀਂ ਗਿਆ ਹੈ। ਈਸ਼ਵਰੀ ਨਾਮ ਦੀ ਮਹਾਨ ਪਵਿੱਤਰਤਾ ਪ੍ਰਤਿ ਸ਼ਰਧਾ ਵਜੋਂ ਯਹੂਦੀ ਇਸ ਦਾ ਉਚਾਰਣ ਨਹੀਂ ਕਰਦੇ ਅਤੇ ਨਾ ਹੀ ਕਰਨਗੇ। ਇਸ ਲਈ, ਇਸ ਨੂੰ ਸਾਰੇ ਅੰਗਰੇਜ਼ੀ ਅਨੁਵਾਦਾਂ ਵਿੱਚ ਲਗਾਤਾਰ ਯਹੋਵਾਹ (LORD) (ਸਾਰੇ ਅੱਖਰ ਵੱਡੇ) ਨਾਮ ਨਾਲ ਅਨੁਵਾਦ ਕੀਤਾ ਗਿਆ ਹੈ। ਇਸ ਦੇ ਸਹੀ ਉਚਾਰਣ ਬਾਰੇ ਜਾਣਕਾਰੀ ਨਹੀਂ ਹੈ ਇਸ ਲਈ ਇਸ ਨੂੰ ਯਾਹਵੇਹ ਜਾਂ ਯਹੋਵਾਹ ਉਚਾਰਣ ਕੀਤਾ ਜਾਂਦਾ ਹੈ। YHWH ਇੱਕ ਇਬਰਾਨੀ ਕਿਰਿਆ ਤੋਂ ਆਉਂਦਾ ਹੈ ਜਿਸ ਦਾ ਅਰਥ ਹੈ: ਹੋਣਾ, ਹੋਂਦ ਵਿੱਚ ਹੋਣਾ, ਬਣਨਾ।

4. ਉਹ ਇਹ ਸਿਖਾਉਂਦੇ ਹੋਏ **ਯਿਸੂ ਮਸੀਹ** ਦੇ ਪਰਮੇਸ਼ੁਰ ਹੋਣ ਦਾ ਇਨਕਾਰ ਕਰਦੇ ਹਨ ਕਿ ਉਹ ਮਿਕਾਏਲ ਪ੍ਰਧਾਨ ਸਵਰਗ ਦੂਤ ਹੈ ਅਤੇ ਉਹ ਸਿਰਜਿਆ ਗਿਆ ਪਹਿਲਾ ਪ੍ਰਾਣੀ ਸੀ। ਯਹੋਵਾਹ ਪਰਮੇਸ਼ੁਰ ਦੁਆਰਾ ਸਿਰਜੇ ਜਾਣ ਤੋਂ ਬਾਅਦ ਯਿਸੂ ਸਾਰੀਆਂ ਚੀਜ਼ਾਂ ਦੀ ਸਿਰਜਣਾ ਕਰਨ ਵਿੱਚ ਯਹੋਵਾਹ ਦਾ ਦੂਤ ਸੀ। ਭਾਵੇਂ ਕਿ ਯਿਸੂ ਪਰਮੇਸ਼ੁਰ ਨਹੀਂ ਹੈ, ਪਰ ਉਹ "ਸਮਰੱਥ" ਹੈ ਅਤੇ ਇਸ ਲਈ ਉਸ ਨੂੰ ਸੰਸਾਰ ਦੀ ਸਮਝ ਵਿੱਚ "ਇੱਕ ਦੇਵਤਾ" ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਯੂਹੰਨਾ 1:1 ਨੂੰ ਆਪਣੇ ਬਾਈਬਲ ਦੇ ਅਨੁਵਾਦ ਵਿੱਚ ਇਸ ਤਰ੍ਹਾਂ ਬਦਲਿਆ ਹੈ: "ਆਦ ਵਿੱਚ ਵਚਨ ਸੀ ਅਤੇ ਵਚਨ ਪਰਮੇਸ਼ੁਰ ਦੇ ਨਾਲ ਸੀ ਅਤੇ ਵਚਨ "ਇੱਕ" ਪਰਮੇਸ਼ੁਰ ਸੀ।"

   **ਜਵਾਬ:** ਯੂਹੰਨਾ 12:39 – 41 ਇਸ ਤਰ੍ਹਾਂ ਆਖਦਾ ਹੈ ਕਿ ਉਹ ਯਿਸੂ ਹੀ ਸੀ ਜਿਸ ਨੂੰ ਯਸਾਯਾਹ ਨੇ ਹੈਕਲ ਵਿੱਚ ਦੇਖਿਆ ਅਤੇ ਯਸਾਯਾਹ 6:5 ਆਖਦਾ ਹੈ ਕਿ ਇਹ ਯਹੋਵਾਹ ਸੀ। ਪਰਕਾਸ਼ ਦੀ ਪੋਥੀ 1:17 ਵਿੱਚ ਪ੍ਰਭੂ ਯਿਸੂ ਮਸੀਹ ਨੇ ਆਪਣੇ ਆਪ ਨੂੰ "*ਆਦ ਅਤੇ ਅੰਤ*" ਆਖਿਆ ਜੋ ਯਸਾਯਾਹ 44:6 ਵਿੱਚ ਯਹੋਵਾਹ ਦਾ ਵਿਲੱਖਣ ਨਾਮ ਹੈ (ਯਸਾਯਾਹ 8:13-14 ਦੇ ਨਾਲ 1 ਪਤਰਸ 2:8 ਨੂੰ; ਅਤੇ ਪਰਕਾਸ਼ ਦੀ ਪੋਥੀ 2:23 ਨੂੰ ਯਿਰਮਿਯਾਹ 17:8-10 ਦੇ ਨਾਲ ਦੇਖੋ)।

5. ਉਹ ਯਿਸੂ ਮਸੀਹ ਦੇ ਸਰੀਰਕ ਰੂਪ ਵਿੱਚ **ਜੀ ਉੱਠਣ** ਦਾ ਇਨਕਾਰ ਇਹ ਆਖ ਕੇ ਕਰਦੇ ਹਨ ਕਿ ਉਹ ਅਦ੍ਰਿਸ਼ ਆਤਮਾ ਦੇ ਰੂਪ ਵਿੱਚ ਜੀ ਉੱਠਿਆ ਅਤੇ ਫਿਰ ਇੱਕ ਸਵਰਗਦੂਤ ਬਣ ਗਿਆ।
   **ਜਵਾਬ:** ਲੂਕਾ 24:39-43 ਯੂਹੰਨਾ 20:17, 27

6. **ਪਵਿੱਤਰ ਆਤਮਾ** ਵਿਅਕਤੀ ਨਹੀਂ ਹੈ ਅਤੇ ਨਾ ਹੀ ਪਰਮੇਸ਼ੁਰ ਦਾ ਹਿੱਸਾ ਹੈ ਪਰ ਇਹ ਯਹੋਵਾਹ ਦੀ ਸਰਗਰਮ ਸ਼ਕਤੀ ਹੈ ਜੋ ਉਸ ਦੀ ਇੱਛਾ ਨੂੰ ਪੂਰਾ ਕਰਨ ਲਈ ਉਸ ਵਿੱਚੋਂ ਨਿੱਕਲਦੀ ਹੈ।
   **ਜਵਾਬ:** ਰਸੂਲਾਂ ਦੇ ਕਰਤੱਬ 5:3-4

7. ਉਹ ਇਹ ਵਿਸ਼ਵਾਸ ਨਹੀਂ ਕਰਦੇ ਕਿ ਮਨੁੱਖ ਵਿੱਚ **ਆਤਮਾ** ਹੈ ਜੋ ਮੌਤ ਤੋਂ ਬਾਅਦ ਵੀ ਨਾਸ ਨਹੀਂ ਹੁੰਦਾ। ਉਹ ਸਿਖਾਉਂਦੇ ਹਨ ਕਿ ਅਸੀਂ ਮੌਤ ਦੇ ਨਾਲ ਹੀ ਖਤਮ ਹੋ ਜਾਂਦੇ ਹਾਂ ਪਰ ਪੁਨਰਉਥਾਨ ਦੇ ਸਮੇਂ ਯਹੋਵਾਹ ਆਪਣੀ ਯਾਦਾਸ਼ਤ ਤੋਂ ਉਨ੍ਹਾਂ ਨੂੰ ਦੁਬਾਰਾ ਸਿਰਜੇਗਾ।
   **ਜਵਾਬ:** 2 ਕੁਰਿੰਥੀਆਂ 5:3-4

8. ਉਹ ਸਿਖਾਉਂਦੇ ਹਨ ਕਿ ਮਸੀਹੀਆਂ ਦੇ ਅਲੱਗ-ਅਲੱਗ **ਵਰਗ** ਹਨ ਅਤੇ ਉਨ੍ਹਾਂ ਦਾ ਭਵਿੱਖ ਵੀ ਅਲੱਗ-ਅਲੱਗ ਹੈ। ਪਰਕਾਸ਼ ਦੀ ਪੋਥੀ 7 ਅਤੇ 14 ਅਧਿਆਏ ਵਾਲੇ 144,000 ਉਹ ਹਨ ਜੋ ਯਿਸੂ ਸਹਿਤ, ਆਤਮੇ ਹੋਣ ਲਈ "ਦੁਬਾਰਾ ਜਨਮੇ" ਹਨ; ਉਹ ਮਸੀਹ ਨਾਲ ਸਵਰਗ ਵਿੱਚ ਰਾਜ ਕਰਨਗੇ। ਬਾਕੀ ਫਿਰਦੌਸ ਵਿੱਚ ਜੀ ਉੱਠੇ ਲੋਕਾਂ ਦੇ ਨਾਲ ਰਹਿਣਗੇ। **ਜਵਾਬ:** ਬਾਈਬਲ ਤੋਂ ਬਾਹਰ ਦੀ ਮੂਰਖਤਾ।

9. ਉਹ ਸਿਖਾਉਂਦੇ ਹਨ ਕਿ ਪਰੰਪਰਾਗਤ ਸਮਝ ਦੇ ਅਨੁਸਾਰ ਕੋਈ **ਨਰਕ** ਨਹੀਂ ਹੈ। ਜੋ ਉੱਥੇ ਭੇਜੇ ਜਾਂਦੇ ਹਨ ਉਹ ਮਿਟਾ ਦਿੱਤੇ ਜਾਣਗੇ, ਉਹ ਸਦੀਪਕ ਕਾਲ ਤੱਕ ਦੁੱਖ ਜਾਂ ਕਸ਼ਟ ਨਹੀਂ ਭੋਗਣਗੇ।
   **ਜਵਾਬ:** 2 ਥਸਲੁਨੀਕੀਆਂ 1:8-9

10. **ਯਿਸੂ ਮਸੀਹ ਦੀ ਮੌਤ** ਸਾਡੇ ਵਿੱਚ ਪਾਏ ਜਾਣ ਵਾਲੇ ਆਦਮ ਦੇ ਦੋਸ਼ ਦਾ ਪ੍ਰਾਸਚਿਤ ਕਰਨ ਲਈ ਛੁੜੌਤੀ ਦਾ ਮੁੱਲ ਸੀ। ਉਹ ਇੱਕ ਅਦ੍ਰਿਸ਼ ਆਤਮਾ ਦੇ ਰੂਪ ਵਿੱਚ ਉਠਾਇਆ ਗਿਆ, ਜਿਸ ਵਿੱਚ ਉਸ ਨੇ ਸਰੀਰਕ ਅਤੇ ਧਰਤੀ ਦੇ ਜੀਵਨ ਦੇ ਅਧਿਕਾਰ ਨੂੰ ਤਿਆਗ ਦਿੱਤਾ। **ਜਵਾਬ:** ਯੂਹੰਨਾ 20:17, 27; ਰਸੂਲਾਂ ਦੇ ਕਰਤੱਬ 1:9-11

11. **ਮੁਕਤੀ** ਯਿਸੂ ਮਸੀਹ ਉੱਤੇ ਵਿਸ਼ਵਾਸ ਅਤੇ ਕੰਮਾਂ ਦੁਆਰਾ ਮਿਲਣੀ ਹੈ, ਜਿਵੇਂ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਆਤਮਕ ਗਿਆਨ ਲੈਣਾ ਅਤੇ ਪਰਮੇਸ਼ੁਰ ਦੇ ਰਾਜ ਦਾ ਕੰਮ ਕਰਨਾ, ਜਿਵੇਂ ਕਿ ਘਰ ਘਰ ਜਾ ਕੇ ਗਵਾਹੀ ਦੇਣਾ, ਉਨ੍ਹਾਂ ਦੁਆਰਾ ਬਪਤਿਸਮਾ ਲੈਣਾ ਅਤੇ ਇੱਕ ਨੈਤਿਕ ਜੀਵਨ ਬਿਤਾਉਣਾ। **ਜਵਾਬ:** ਤੀਤੁਸ 3:5

12. **ਦੂਸਰੇ ਆਗਮਨ** ਦੇ ਸੰਬੰਧ ਵਿੱਚ ਉਹ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਮਸੀਹ ਸਰੀਰਕ ਰੂਪ ਵਿੱਚ ਧਰਤੀ ਤੇ ਵਾਪਸ ਆਵੇਗਾ। ਸਗੋਂ ਉਸ ਦੀ ਅਦ੍ਰਿਸ਼ "ਹਜ਼ੂਰੀ" ਆਵੇਗੀ ਜੋ 1914 ਵਿੱਚ ਸ਼ੁਰੂ ਹੋ ਚੁੱਕੀ ਹੈ, ਉਨ੍ਹਾਂ ਗੱਲਾਂ ਨੂੰ ਵਧਾ ਰਹੀ ਹੈ ਜੋ ਮਹਾਯੁੱਧ ਦੇ ਯੁੱਧ ਅਤੇ ਹਜ਼ਾਰ ਸਾਲ ਦੇ ਸ਼ੁਰੂ ਵਿੱਚ ਪੂਰੀਆਂ ਹੋਣਗੀਆਂ। ਵਾਚਟਾਵਰ ਸੋਸਾਇਟੀ ਨੂੰ ਮਹਾਯੁੱਧ ਦੇ ਯੁੱਧ ਦੇ ਹੋਣ ਦੀਆਂ ਬਹੁਤ ਸਾਰੀਆਂ ਤਰੀਕਾਂ ਠਹਿਰਾਉਣ ਦੇ ਲਈ ਵੀ ਜਾਣਿਆ ਜਾਂਦਾ ਹੈ; ਹਰੇਕ ਅਸਫਲ ਭਵਿੱਖਬਾਣੀ ਤੋਂ ਬਾਅਦ ਬਹੁਤ ਸਾਰੇ ਮੈਂਬਰਾਂ ਨੇ ਇਸ ਲਹਿਰ ਨੂੰ ਛੱਡ ਦਿੱਤਾ।
**ਜਵਾਬ:** ਰਸੂਲਾਂ ਦੇ ਕਰਤੱਬ 1:10-11

13. ਉਹ ਸਾਰੇ ਧਰਮਾਂ ਦਾ ਇਨਕਾਰ ਕਰਦੇ ਹਨ ਅਤੇ ਸਿਖਾਉਂਦੇ ਹਨ ਕਿ ਉਨ੍ਹਾਂ ਤੋਂ ਇਲਾਵਾ ਹੋਰ ਸਾਰੇ ਪ੍ਰਚਾਰਕ ਝੂਠੇ ਅਤੇ ਢੋਂਗੀ ਹਨ। **ਜਵਾਬ:** ਪੰਥ ਦੀ ਪਰਿਭਾਸ਼ਾ ਦੇਖੋ।

14. ਉਹ ਵਿਆਹ ਕਰਨ ਅਤੇ ਬੱਚੇ ਪੈਦਾ ਕਰਨ ਨੂੰ ਨਾ-ਪਸੰਦ ਕਰਦੇ ਹਨ ਕਿਉਂਕਿ ਸਮਾਂ ਬਹੁਤ ਨੇੜੇ ਹੈ। **ਜਵਾਬ:** ਉਤਪਤ 1:28

15. ਉਹ ਕਿਸੇ ਵੀ ਦੇਸ ਦੀ ਸਰਕਾਰ ਨੂੰ ਨਹੀਂ ਮੰਨਦੇ ਅਤੇ ਉਹ ਝੰਡੇ ਨੂੰ ਸਲਾਮੀ ਦੇਣ ਜਾਂ ਯੁੱਧ ਵਿੱਚ ਹਿੱਸਾ ਲੈਣ ਤੋਂ ਵੀ ਇਨਕਾਰ ਕਰਦੇ ਹਨ। **ਜਵਾਬ:** ਰੋਮੀਆਂ 13:1-7

16. ਉਹ ਜਨਮ ਦਿਨ, ਵੱਡਾ ਦਿਨ, ਈਸਟਰ ਜਾਂ ਕੋਈ ਹੋਰ ਛੁੱਟੀ ਦਾ ਦਿਨ ਨਹੀਂ ਮਨਾਉਂਦੇ, ਉਹ ਇਸ ਨੂੰ ਗਲਤ ਮੰਨਦੇ ਹਨ। **ਜਵਾਬ:** ਲੂਕਾ 2:9-20; ਮੱਤੀ 2:1-2, 9-12; ਰੋਮੀਆਂ 14:5-6

17. ਉਹ ਲੇਵੀਆਂ 17 ਨੂੰ ਗਲਤ ਸਮਝਣ ਦੇ ਕਾਰਨ ਖ਼ੂਨ ਦੇਣ ਜਾਂ ਲੈਣ ਤੋਂ ਇਨਕਾਰ ਕਰਦੇ ਹਨ।
**ਜਵਾਬ:** ਅਫਸੀਆਂ 5:1-2 ਬਾਈਬਲ ਕਿਸੇ ਵੀ ਢੰਗ ਨਾਲ ਖ਼ੂਨ ਨਾ ਦੇਣ ਬਾਰੇ ਨਹੀਂ ਸਿਖਾਉਂਦੀ। ਅਸਲ ਵਿੱਚ ਸਾਨੂੰ ਆਪਣੇ ਜੀਵਨ ਦਾ ਬਲੀਦਾਨ (ਜਿਸ ਵਿੱਚ ਖ਼ੂਨ ਵੀ ਸ਼ਾਮਲ ਹੈ) ਦੇਣ ਦੁਆਰਾ ਦੂਸਰਿਆਂ ਲਈ ਪਿਆਰ ਦਿਖਾਉਣ ਲਈ ਆਖਿਆ ਗਿਆ ਹੈ।

## ਇੱਕ ਜਵਾਨ ਆਦਮੀ ਦੀ ਗਵਾਹੀ

ਮੇਰਾ ਜਨਮ ਅਤੇ ਪਾਲਣ ਪੋਸ਼ਣ ਯਹੋਵਾਹ ਵਿਟਨਸ ਪਰਿਵਾਰ ਵਿੱਚ ਹੋਇਆ ਅਤੇ ਮੈਂ ਸਿਰਫ ਇੱਕ ਸੇਵਕ ਬਣਨ ਦੀ ਇੱਛਾ ਲੈ ਕੇ ਵੱਡਾ ਹੋਇਆ, ਇਸ ਤੋਂ ਵਧ ਮੈਂ ਹੋਰ ਕੁਝ ਨਹੀਂ ਚਾਹਿਆ। ਮੈਂ ਚਾਹੁੰਦਾ ਸੀ ਕਿ ਜਿਨਾਂ ਪਿਆਰ ਮੈਂ ਪਰਮੇਸ਼ੁਰ ਨਾਲ ਕਰਦਾ ਹਾਂ ਓਨਾਂ ਹੀ ਸਾਰੇ ਕਰਨ ਅਤੇ ਮੈਂ 12 ਸਾਲ ਦੀ ਉਮਰ ਵਿੱਚ ਬਪਤਿਸਮਾ ਲਿਆ।

ਮੈਂ ਨਹੀਂ ਜਾਣਦਾ ਕਿ ਤੁਹਾਨੂੰ ਯਹੋਵਾਹ ਵਿਟਨਸ ਬਾਰੇ ਕਿੰਨੀਂ ਜਾਣਕਾਰੀ ਹੈ, ਪਰ ਉਹ ਮਸੀਹਅਤ ਦੀਆਂ ਸਾਰੀਆਂ ਕਿਸਮਾਂ ਨੂੰ ਮਸੀਹੀ ਰੇਡੀਓ ਤੋਂ ਲੈ ਕੇ ਮਸੀਹੀ ਕਿਤਾਬਾਂ ਨੂੰ ਅਤੇ TV ਤੋਂ ਲੈ ਕੇ ਸਾਰੇ ਸਮੁਦਾਏ ਨੂੰ ਸ਼ੈਤਾਨ ਦੇ ਅਰਾਧਕ ਮੰਨਦੇ ਹਨ। ਤੁਹਾਨੂੰ ਉਨ੍ਹਾਂ ਦੇ ਬਾਈਬਲ ਦੇ ਅਨੁਵਾਦ ਨੂੰ ਛੱਡ ਕੇ ਬਾਈਬਲ ਦੇ ਕਿਸੇ ਹੋਰ ਅਨੁਵਾਦ ਨੂੰ ਪੜ੍ਹਣ ਦੀ ਆਗਿਆ ਨਹੀਂ ਹੈ (ਜਿਸ ਨੂੰ ਉਨ੍ਹਾਂ ਦੇ ਸਿਧਾਂਤ ਦੇ ਅਨੁਸਾਰ ਬਦਲਿਆ ਗਿਆ ਹੈ, ਜਿਵੇਂ ਕਿ ਯੂਹੰਨਾ 1:1 ਵਿੱਚ "ਸ਼ਬਦ ਹੀ ਪਰਮੇਸ਼ੁਰ ਸੀ" ਨੂੰ ਬਦਲ ਕੇ "ਸ਼ਬਦ ਪਰਮੇਸ਼ੁਰ ਸੀ" ਕੀਤਾ ਗਿਆ ਹੈ ਅਤੇ ਪਵਿੱਤਰ ਆਤਮਾ ਦੇ ਬਾਰੇ ਸਾਰੇ ਹਵਾਲਿਆਂ ਨੂੰ ਬਦਲ ਕੇ ਪਰਮੇਸ਼ੁਰ ਦੀ ਸਰਗਰਮ ਸ਼ਕਤੀ ਕਰਨ ਦੇ ਦੁਆਰਾ, ਉਹ ਪਵਿੱਤਰ ਆਤਮਾ ਦੇ ਵਿਅਕਤੀ ਹੋਣ ਦਾ ਇਨਕਾਰ ਕਰਦੇ ਹਨ) ਨਾ ਹੀ ਤੁਹਾਨੂੰ ਉਨ੍ਹਾਂ ਦੀਆਂ ਕਿਤਾਬਾਂ ਤੋਂ ਇਲਾਵਾ ਕੋਈ ਹੋਰ ਸਮੱਗਰੀ ਪੜ੍ਹਣ ਦੀ ਆਗਿਆ ਹੈ।

16 ਸਾਲ ਦੀ ਉਮਰ ਵਿੱਚ ਮੈਨੂੰ ਫੁੱਟਬਾਲ ਖੇਡਣ ਅਤੇ ਲੂਕਾਂ 9:49-50 ਬਾਰੇ ਪੁੱਛਣ ਦੇ ਦੁਆਰਾ ਦੂਸਰੀਆਂ ਡੀਨੋਮੀਨੇਸ਼ਨ ਬਾਰੇ ਉਨ੍ਹਾਂ ਦੀਆਂ ਧਾਰਨਾਵਾਂ ਪੁੱਛਣ ਦੇ ਕਰਨ, ਸੰਗਤ ਵਿੱਚੋਂ ਕੱਢ ਦਿੱਤਾ ਗਿਆ। ਮੈਨੂੰ ਆਖਿਆ ਗਿਆ ਕਿ ਜਦੋਂ ਤੱਕ ਮੈਂ ਤੋਬਾ ਨਹੀਂ ਕਰਦਾ ਅਤੇ ਉਨ੍ਹਾਂ ਦੀਆਂ ਧਾਰਨਾਵਾਂ ਨੂੰ ਬਿਨ੍ਹਾਂ ਪ੍ਰਸ਼ਨ ਕੀਤੇ ਨਹੀਂ ਮੰਨਦਾ, ਮੈਂ ਵਾਪਸ ਨਾ ਆਵਾਂ। ਉਸ ਸਮੇਂ ਮੈਂ 16 ਸਾਲ ਦਾ ਸੀ ਅਤੇ ਮੈਨੂੰ ਧੱਕੇ ਨਾਲ ਮੇਰੇ ਮਾਤਾ ਪਿਤਾ ਦੇ ਘਰ ਵਿੱਚੋਂ ਕੱਢ ਦਿੱਤਾ ਗਿਆ, ਕਿਉਂਕਿ ਗਵਾਹਾਂ ਨੂੰ ਆਖਿਆ ਜਾਂਦਾ ਹੈ ਕਿ ਉਹ ਤੁਹਾਨੂੰ ਮਰਿਆ ਹੋਇਆ ਅਤੇ ਸ਼ੈਤਾਨ ਦੇ ਮਗਰ ਚੱਲਣ ਵਾਲਾ ਮੰਨਣ ਅਤੇ ਤੁਹਾਡੇ ਨਾਲ ਕੋਈ ਸੰਬੰਧ ਨਾ ਰੱਖਣ, ਇੱਥੋਂ ਤੱਕ ਕਿ ਤੁਹਾਡਾ ਪਰਿਵਾਰ ਵੀ ਤੁਹਾਡੇ ਨਾਲ ਸੰਬੰਧ ਨਾ ਰੱਖੇ।

23 ਸਾਲ ਪਹਿਲਾਂ ਮੈਂ ਆਪਣੇ ਪਰਿਵਾਰ ਨਾਲ ਬਹੁਤ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦਾ ਹਮੇਸ਼ਾਂ ਇੱਕੋ ਹੀ ਜਵਾਬ ਹੁੰਦਾ ਸੀ "ਜਦੋਂ ਤੱਕ ਤੂੰ ਗਵਾਹਾਂ ਵਿੱਚ ਵਾਪਸ ਨਹੀਂ ਆ ਜਾਂਦਾ ਅਸੀਂ ਤੇਰੇ ਨਾਲ ਕੋਈ ਸੰਬੰਧ ਨਹੀਂ ਰੱਖ ਸਕਦੇ, ਸਾਡੇ ਲਈ ਤੂੰ ਮੁਰਦਾ ਹੈ"।

ਬਦਕਿਸਮਤੀ ਨਾਲ ਮੈਂ ਜਦੋਂ ਗਵਾਹਾਂ ਨੂੰ ਛੱਡਿਆ, ਮੈਂ ਪਰਮੇਸ਼ੁਰ ਨੂੰ ਵੀ ਛੱਡ ਦਿੱਤਾ। ਮੈਂ ਬਾਈਬਲ ਨੂੰ ਇੱਕ ਪਾਸੇ ਰੱਖ ਦਿੱਤਾ ਅਤੇ ਆਪਣੇ ਜੀਵਨ ਦੇ ਅਗਲੇ 20 ਸਾਲ ਮੈਂ ਭੌਤਿਕ ਵਿਗਿਆਨ ਦੇ ਅਧਿਐਨ ਅਤੇ ਖੋਜ ਦੇ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਵਿੱਚ ਬਿਤਾਏ ਕਿ ਪਰਮੇਸ਼ੁਰ ਹੈ ਹੀ ਨਹੀਂ ਹੈ।

ਲੱਗਭਗ ਇੱਕ ਸਾਲ ਪਹਿਲਾਂ ਯਿਸੂ ਮਸੀਹ ਮੈਨੂੰ ਵਿਅਕਤੀਗਤ ਰੂਪ ਵਿੱਚ ਮਿਲਿਆ ਅਤੇ ਉਸ ਨੇ ਮੇਰੀ ਬਾਈਬਲ ਖ੍ਰੀਦਣ ਅਤੇ ਫਿਰ ਨਵਾਂ ਨੇਮ ਪੜ੍ਹਣ ਵਿੱਚ ਅਗਵਾਈ ਕੀਤੀ, ਪਰ ਇਸ ਵਾਰ ਮੈਂ ਇਹ ਦੇਖਣ ਦੀ ਕੋਸ਼ਿਸ਼ ਕਰਦੇ ਹੋਏ ਕਿ ਜੇਕਰ ਇਸ ਨੂੰ ਕੋਈ ਵਿਅਕਤੀ ਪਹਿਲੀ ਵਾਰ ਪੜ੍ਹਦਾ ਹੈ ਤਾਂ ਉਹ ਕੀ ਵਿਸ਼ਵਾਸ ਕਰੇਗਾ, ਇਸ ਨੂੰ ਇਸ ਤਰ੍ਹਾਂ ਪੜ੍ਹਿਆ ਜਿਵੇਂ ਮੈਂ ਪਹਿਲੀ ਵਾਰ ਪੜ੍ਹ ਰਿਹਾ ਹੋਵਾਂ।

ਮੈਂ ਵਚਨ ਦੀ ਸਮਰੱਥਾ ਨਾਲ ਭਰ ਗਿਆ ਅਤੇ ਕਈ ਦਿਨ ਤੱਕ ਰੋਂਦਾ ਰਿਹਾ, ਮੈਨੂੰ ਯਿਸੂ ਨੇ ਸਾਰੀ ਬੁਰੀ ਸਿੱਖਿਆ, ਗਲਤ ਧਾਰਨਾਵਾਂ ਅਤੇ ਜੋ ਕੁਝ ਮੇਰੇ ਨਾਲ ਹੋਇਆ, ਉਸ ਤੋਂ ਮੈਨੂੰ ਸਾਫ਼ ਕਰ ਦਿੱਤਾ। ਮੈਂ ਦੁਬਾਰਾ ਆਪਣਾ ਜੀਵਨ ਉਸ

ਨੂੰ ਸਮਰਪਿਤ ਕੀਤਾ ਅਤੇ ਬਪਤਿਸਮਾ ਲਿਆ, ਇਸ ਵਾਰ ਸਹੀ ਢੰਗ ਨਾਲ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ, ਗਵਾਹਾਂ ਦੇ ਵਾਂਗ ਨਹੀਂ।

## III. ਮੋਰਮੋਨਿਸਮ

### A. ਪਿਛੋਕੜ

ਯਿਸੂ ਮਸੀਹ ਦੀ ਲੇਟਰ-ਡੇ ਸੇਂਟਸ ਕਲੀਸਿਯਾ ਹੈ, ਜਿਸ ਨੂੰ ਜਿਆਦਾ ਮੋਰਮੋਨ ਚਰਚ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸ ਦੀ ਸਥਾਪਨਾ ਜੋਸੇਫ਼ ਸਮਿਥ, ਜੂਨੀਅਰ (1805-1844) ਦੁਆਰਾ ਕੀਤੀ ਗਈ, ਜੋ ਅਮਰੀਕਾ ਦੇ ਨਿਊਯਾਰਕ ਸੂਬੇ ਦਾ ਰਹਿਣ ਵਾਲਾ ਸੀ। ਸਮਿਥ ਨੇ ਦਾਅਵਾ ਕੀਤਾ ਕਿ ਪਿਤਾ ਪਰਮੇਸ਼ੁਰ ਅਤੇ ਯਿਸੂ ਮਸੀਹ 1820 ਵਿੱਚ ਉਸ ਉੱਤੇ ਪਰਗਟ ਹੋਏ ਅਤੇ ਉਸ ਨੂੰ ਦੱਸਿਆ ਕਿ ਸਾਰੇ ਚਰਚ ਗਲਤ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ ਦਾ ਕਥਨ ਨਿੰਦਾਯੋਗ ਹੈ। 1823 ਵਿੱਚ ਮੋਰੋਨੀ ਨਾਮ ਦਾ ਸਵਰਗਦੂਤ ਉਸ ਉੱਤੇ ਪਰਗਟ ਹੋਇਆ ਅਤੇ ਉਸ ਨੂੰ ਉਨ੍ਹਾਂ ਸੁਨਿਹਰੀ ਤਖ਼ਤੀਆਂ ਬਾਰੇ ਦੱਸਿਆ ਜੋ ਨੇੜੇ ਦੀ ਪਹਾੜੀ ਕੋਲ ਦੱਬੀਆਂ ਹੋਈਆਂ ਸਨ। ਇਨ੍ਹਾਂ ਤਖ਼ਤੀਆਂ ਉੱਤੇ ਉਨ੍ਹਾਂ ਪ੍ਰਾਚੀਨ ਲੋਕਾਂ ਦਾ ਵਰਣਨ ਸੀ ਜੋ ਪੂਰਬ ਤੋਂ ਅਮਰੀਕਾ ਵਿੱਚ ਆਏ ਸਨ। 1827 ਵਿੱਚ ਸਮਿਥ ਨੇ ਦਾਅਵਾ ਕੀਤਾ ਕਿ ਮੋਰੋਨੀ ਨੇ ਉਸ ਨੂੰ ਤਖ਼ਤੀਆਂ ਨੂੰ ਬਾਹਰ ਕੱਢਣ ਲਈ ਆਖਿਆ ਅਤੇ ਆਖਿਆ ਉਨ੍ਹਾਂ ਉੱਤੇ ਦੈਵੀ ਭਾਸ਼ਾ ਵਿੱਚ ਉਕਰੇ ਹੋਏ "ਰੀਫੋਰਮਡ ਈਜਪਸ਼ੀਅਨ ਹੀਰੋਗਲਾਈਫ਼ਿਕ" ਦਾ "ਅਨੁਵਾਦ" ਕਰਨਾ ਸ਼ੁਰੂ ਕਰੇ। ਮਾਰਚ 1830 ਵਿੱਚ, ਅਨੁਵਾਦ ਕਰਕੇ "ਮੋਰਮੋਨ ਦੀ ਪੁਸਤਕ" ਪ੍ਰਕਾਸ਼ਿਤ ਕੀਤੀ ਅਤੇ ਇੱਕ ਮਹੀਨੇ ਬਾਅਦ ਉਸ ਨੇ ਚਰਚ ਦੀ ਸਥਾਪਨਾ ਕੀਤੀ।

ਇੱਕ ਭੜਕੀ ਹੋਈ ਭੀੜ ਦੇ ਹੱਥੋਂ ਜੋਸੇਫ਼ ਸਮਿਥ ਦੇ ਮਰਨ ਤੋਂ ਬਾਅਦ (1844), ਬ੍ਰਿਘਮ ਜੰਗ ਨੇ (1801- 77) ਇਸ ਸਮੂਹ ਦੀ ਅਗਵਾਈ ਸੰਭਾਲੀ ਅਤੇ "ਸੰਤਾਂ" ਨੂੰ ਉਤਾਹ ਵਿੱਚ ਲੈ ਗਿਆ। ਅੱਜ ਕੱਲ ਮੋਰਮੋਨ ਦਾ ਨਬੀ ਗੋਰਡਨ ਬੀ. ਹਿੰਕਲੇ ਹੈ। ਅੱਜ ਮੋਰਮੋਨ ਚਰਚ ਦੇ ਲੱਗਭਗ 1 ਕਰੋੜ ਮੈਂਬਰ ਹਨ। ਮੋਰਮੋਨਸ ਸੇਵਾ ਦੇ ਕੰਮ ਅਤੇ ਪੁਸਤਕਾਂ ਵੰਡਣ ਵਿੱਚ ਭਾਗ ਲੈਂਦੇ ਹਨ। ਆਰਥਿਕ ਰੂਪ ਵਿੱਚ ਖੁਸ਼ਹਾਲ ਹਨ, ਉਹ ਕੁੱਲ ਧਨ ਵਿੱਚ ਰੋਮਨ ਕੈਥੋਲਿਕ ਨਾਲੋਂ ਦੂਸਰੇ ਨੰਬਰ ਤੇ ਹਨ।

### B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. **ਪਰਮੇਸ਼ੁਰ** ਦੇ ਬਾਰੇ, ਮੋਰਮੋਨਸ ਦੇਵਤਿਆਂ ਦੇ ਇੱਕ ਸਦੀਪਕ ਪ੍ਰਵਾਹ ਵਿੱਚ ਵਿਸ਼ਵਾਸ ਕਰਦੇ ਹਨ ਜੋ ਦੂਸਰੇ ਦੇਵਤਿਆਂ ਨੂੰ ਪੈਦਾ ਕਰਦੇ ਹਨ। "ਪਰਮੇਸ਼ੁਰ ਪਿਤਾ" ਵੀ ਇਸ ਤਰ੍ਹਾਂ ਦਾ ਇੱਕ ਦੇਵਤਾ ਹੈ ਅਤੇ ਉਹ ਇਸ ਗ੍ਰਹਿ ਦਾ ਦੇਵਤਾ ਹੈ ਅਤੇ ਓਹੀ ਦੇਵਤਾ ਹੈ ਜਿਸ ਦੇ ਵੱਲ ਅਸੀਂ ਤੱਕਦੇ ਹਾਂ। ਇਸ ਲਈ ਮੋਰਮੋਨਸ ਜਿਆਦਾ ਦੇਵਤਿਆਂ ਵਿੱਚ ਵਿਸ਼ਵਾਸ ਰੱਖਦੇ ਹਨ, ਜਦੋਂ ਕਿ ਮਸੀਹਅਤ ਕੇਵਲ ਇੱਕ ਪਰਮੇਸ਼ੁਰ ਵਿੱਚ ਵਿਸ਼ਵਾਸ ਰੱਖਦੀ ਹੈ। ਉਹ ਇਹ ਵੀ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ੁਰ ਪਿਤਾ ਇੱਕ ਮਨੁੱਖ ਹੈ, ਜੋ ਖੁਸ਼ਖਬਰੀ ਦੇ ਉਨ੍ਹਾਂ ਸਿਧਾਂਤਾ ਦੀ ਪਾਲਣਾ ਕਰਦਾ ਹੋਇਆ ਇਸ ਮੁਕਾਮ ਤੱਕ ਪਹੁੰਚਿਆ ਹੈ ਜਿਨ੍ਹਾਂ ਦੀ ਮੋਰਮੋਨਸ ਪਾਲਣਾ ਕਰਦੇ ਹਨ। ਪਿਤਾ ਪਰਮੇਸ਼ੁਰ ਦਾ ਸਾਡੇ

ਵਾਂਗ ਹੀ ਸਰੀਰ ਅਤੇ ਹੱਡੀਆਂ ਹਨ।

2. ਮੋਰਮੋਨਸ ਬਾਈਬਲ ਦੇ **ਤ੍ਰਿਏਕਤਾ** ਦੇ ਸਿਧਾਂਤ ਦਾ ਇਨਕਾਰ ਕਰਦੇ ਹਨ ਅਤੇ ਸਿਖਾਉਂਦੇ ਹਨ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਤਿੰਨ ਅਲੱਗ ਅਲੱਗ ਦੇਵਤੇ ਹਨ।

3. **ਮਨੁੱਖ** ਦੇ ਬਾਰੇ, ਮੋਰਮੋਨਸ ਸਿਖਾਉਂਦੇ ਹਨ ਕਿ ਉਹ "ਅਵਿਕਸਤ ਅਵਸਥਾ" ਵਿੱਚ ਦੇਵਤਾ ਹੈ ਜੋ ਆਪਣੇ ਸਵਰਗੀ ਪਿਤਾ ਦੇ ਵਾਂਗ ਦੇਵਤੇ ਦੇ ਮੁਕਾਮ ਨੂੰ ਪ੍ਰਾਪਤ ਕਰ ਸਕਦਾ ਹੈ। ਪਰਮੇਸ਼ੁਰ ਅਤੇ ਮਨੁੱਖ ਇੱਕੋ ਹੀ "ਜਾਤੀ" ਹਨ, ਪਰਮੇਸ਼ੁਰ ਮਨੁੱਖ ਦੀ ਉਹ ਅਵਸਥਾ ਹੈ ਜਿਸ ਵਿੱਚ ਉਸ ਦੀ ਮਹਿਮਾ ਕੀਤੀ ਜਾਂਦੀ ਹੈ। ਇਸ ਸੰਸਾਰ ਵਿੱਚ ਜਨਮ ਲੈਣ ਤੋਂ ਪਹਿਲਾਂ, ਸਾਰੇ ਮਨੁੱਖ ਸਵਰਗ ਵਿੱਚ ਦੇਵਤਿਆਂ ਅਤੇ ਦੇਵੀਆਂ ਦੀ ਆਤਮਕ ਸੰਤਾਨ ਸਨ। ਇਹ ਪੈਦਾ ਹੋਣ ਤੋਂ ਪਹਿਲਾਂ ਦਾ ਸਮਾਂ ਪ੍ਰੀਖਿਆ ਦਾ ਸਮਾਂ ਸੀ। ਜਿਹੜੇ ਇਸ ਪ੍ਰੀਖਿਆ ਦੇ ਸਮੇਂ ਵਿੱਚ ਵਫ਼ਾਦਾਰ ਨਹੀਂ ਹੁੰਦੇ ਜਾਂ ਹਿੰਸਕ ਹੁੰਦੇ ਹਨ, ਉਹ ਜਦੋਂ ਧਰਤੀ ਉੱਤੇ ਜਨਮ ਲੈਂਦੇ ਹਨ ਤਾਂ ਉਨ੍ਹਾਂ ਦੀ ਚਮੜੀ ਕਾਲੀ ਹੁੰਦੀ ਹੈ। ਜੇਕਰ ਉਹ ਮੋਰਮੋਨ ਸਿੱਖਿਆ ਅਤੇ ਬਿਧੀਆਂ ਦੀ ਪਾਲਣਾ ਪੂਰੀ ਤਰ੍ਹਾਂ ਨਾਲ ਕਰਦੇ ਹਨ, ਤਾਂ ਉਹ ਮਹਾਨਤਾ ਨੂੰ ਪ੍ਰਾਪਤ ਕਰਨਗੇ। ਜਿਹੜੇ ਮਹਾਨਤਾ ਨੂੰ ਪ੍ਰਾਪਤ ਕਰਦੇ ਹਨ ਉਹ ਇੱਕ ਗ੍ਰਹਿ ਉੱਤੇ ਰਹਿੰਦੇ ਹਨ ਅਤੇ ਆਤਮਕ ਬੱਚਿਆਂ ਨੂੰ ਜਨਮ ਦਿੰਦੇ ਹਨ, ਓਹੀ ਚੱਕਰ ਚੱਲਦਾ ਰਹਿੰਦਾ ਹੈ।

4. **ਯਿਸੂ ਮਸੀਹ** ਦੇ ਬਾਰੇ, ਮੋਰਮੋਨਸ ਸਿਖਾਉਂਦੇ ਹਨ ਕਿ ਉਹ ਆਤਮਾ ਦੇ ਅਨੁਸਾਰ ਲੂਸੀਫ਼ਰ ਦਾ ਭਰਾ ਸੀ ਕਿਉਂਕਿ ਉਹ ਉਸ ਦੇ ਧਰਤੀ ਉੱਤੇ ਆਪਣੇ ਜਨਮ ਲੈਣ ਤੋਂ ਪਹਿਲਾਂ ਇੱਕੋ ਹੀ ਦੇਵੀ ਦੇਵਤੇ ਦੀ ਸੰਤਾਨ ਸਨ। ਉਹ ਕੁਆਰੀ ਤੋਂ ਜਨਮ ਦਾ ਇਨਕਾਰ ਕਰਦੇ ਹਨ, ਉਨ੍ਹਾਂ ਦੀ ਸਿੱਖਿਆ ਇਹ ਹੈ ਕਿ ਯਿਸੂ ਮਸੀਹ ਦਾ ਸਰੀਰਕ ਰੂਪ ਵਿੱਚ ਪੈਦਾ ਹੋਣਾ ਪਿਤਾ ਪਰਮੇਸ਼ੁਰ ਅਤੇ ਮਰਿਯਮ ਵਿਚਕਾਰ ਸਰੀਰਕ ਸੰਭੋਗ ਦੇ ਕਰਨ ਸੀ। ਉਹ ਸਿਖਾਉਂਦੇ ਹਨ ਕਿ ਪਿਤਾ ਇੱਕ ਮਨੁੱਖ ਹੈ ਜਿਸ ਦਾ ਭੌਤਿਕ ਸਰੀਰ ਹੈ। ਉਸ ਦੀ ਈਸ਼ੁਰਤਾਈ ਅਨੋਖੀ ਨਹੀਂ ਹੈ, ਪਰ ਇਹ ਓਹੀ ਹੈ ਜਿਸ ਨੂੰ ਕੋਈ ਵੀ ਮਨੁੱਖ ਪ੍ਰਾਪਤ ਕਰ ਸਕਦਾ ਹੈ। ਉਹ ਇਹ ਵੀ ਮੰਨਦੇ ਹਨ ਕਿ ਯਿਸੂ ਮਸੀਹ ਦਾ ਦੇਹਧਾਰੀ ਹੋਣਾ ਅਨੋਖਾ ਨਹੀਂ ਹੈ, ਕਿਉਂਕਿ ਸਾਰੇ ਦੇਵਤੇ ਪਹਿਲਾਂ ਆਤਮਾ ਦੇ ਰੂਪ ਵਿੱਚ ਹੁੰਦੇ ਹੋਏ, ਫਿਰ ਦੇਵਤਾ ਬਣਨ ਤੋਂ ਪਹਿਲਾਂ ਮਨੁੱਖੀ ਸਰੀਰ ਪ੍ਰਾਪਤ ਕਰਨ ਲਈ ਧਰਤੀ ਉੱਤੇ ਆਏ।

5. **ਮੁਕਤੀ** ਦੇ ਬਾਰੇ, ਮੋਰਮੋਨਸ ਬਾਈਬਲ ਦੇ ਉਸ ਸਿਧਾਂਤ ਦਾ ਇਨਕਾਰ ਕਰਦੇ ਹਨ, ਜੋ ਸਿਖਾਉਂਦਾ ਹੈ ਕਿ ਮੁਕਤੀ ਕਿਰਪਾ ਦੁਆਰਾ ਹੈ ਅਤੇ ਸਿਖਾਉਂਦੇ ਹਨ ਕਿ "ਤੋਬਾ, ਬਪਤਿਸਮਾ, ਵਿਸ਼ਵਾਸ ਅਤੇ ਚੰਗੇ ਕੰਮਾਂ" ਦੁਆਰਾ ਅਸੀਂ ਮੁਕਤੀ ਨੂੰ ਪ੍ਰਾਪਤ ਕਰ ਸਕਦੇ ਹਾਂ। ਮਸੀਹ ਦਾ ਪ੍ਰਾਸਚਿਤ ਦਾ ਬਲੀਦਾਨ ਸਾਰੀ ਮਨੁੱਖ ਜਾਤੀ ਨੂੰ ਪੁਨਰ ਉਥਾਨ ਦਿੰਦਾ ਹੈ, ਪਰ ਇਹ ਵਿਅਕਤੀ ਦੇ ਸਾਰੇ ਪਾਪਾਂ ਦੀ ਕੀਮਤ ਨਹੀਂ ਚੁਕਾਉਂਦਾ ਜਾਂ ਮਹਿਮਾ ਦਾ ਯਕੀਨ ਨਹੀਂ ਦਿੰਦਾ। ਜਦੋਂ ਕਿ ਮਸੀਹ ਦਾ ਕੰਮ ਮੁਕਤੀ ਦੀ ਸ਼ੁਰੂਆਤ ਹੈ, ਪਰ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਮਨੁੱਖੀ ਕੰਮਾਂ ਦੀ ਲੋੜ ਹੈ। ਉਨ੍ਹਾਂ ਕੰਮਾਂ ਦੇ ਅਧਾਰ ਤੇ ਹੀ ਲੋਕ ਸਵਰਗ ਵਿੱਚ ਤਿੰਨ ਪਦਵੀਆਂ ਵਿੱਚੋਂ ਇੱਕ ਨੂੰ ਪ੍ਰਾਪਤ ਕਰਨਗੇ:

ਟੈਲੀਸਟਿਅਲ, ਟੇਰੀਸਟਰਿਅਲ, ਜਾਂ ਕੈਲੀਸਟਿਅਲ। ਸਭ ਤੋਂ ਉੱਚੀ ਪਦਵੀ ਕੈਲੀਸਟਿਅਲ ਨੂੰ ਪ੍ਰਾਪਤ ਕਰਨ ਲਈ ਮੰਦਿਰ ਵਿਆਹ ਜ਼ਰੂਰੀ ਹੈ।

6. ਬਾਈਬਲ ਦੇ ਕਿੰਗ ਜੇਮਸ ਵਰਜ਼ਨ ਤੋਂ ਇਲਾਵਾ, ਮੋਰਮੋਨ ਚਰਚ **ਅਧਿਕਾਰ ਦੇ ਮੁੱਖ ਸਰੋਤ** ਦੇ ਵੱਜੋਂ ਅੱਗੇ ਦਿੱਤੀਆਂ ਪਵਿੱਤਰ ਪੁਸਤਕਾਂ ਦਾ ਇਸਤੇਮਾਲ ਕਰਦਾ ਹੈ: ਬੁੱਕ ਆਫ਼ ਮੋਰਮੋਨ, ਡਾਕਟਰੀਨ ਅਤੇ ਕੋਵਾਨੈਂਟਸ, ਪਾਰਟ ਆਫ਼ ਗ੍ਰੇਟ ਪਰਾਈਸ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਚਰਚ ਦਾ ਪ੍ਰੈਜ਼ੀਡੈਂਟ ਸੰਪੂਰਨ ਕਲੀਸਿਯਾ ਦੀ ਅਗਵਾਈ ਲਈ ਪ੍ਰਕਾਸ਼ਣ ਨੂੰ ਪ੍ਰਾਪਤ ਕਰ ਸਕਦਾ ਹੈ। **ਜਵਾਬ:** ਬਾਈਬਲ ਨਾਲ ਆਪਣੀਆਂ ਖੁਦ ਦੀਆਂ ਪਵਿੱਤਰ ਕਿਤਾਬਾਂ ਨੂੰ ਜੋੜਨ ਦੁਆਰਾ ਮੋਰਮੋਨਸ ਨੇ ਆਪਣੇ ਆਪ ਨੂੰ ਇਤਿਹਾਸਕ ਮਸੀਹੀਅਤ ਤੋਂ ਅਲੱਗ ਕਰ ਲਿਆ ਹੈ, ਜੋ ਕੇਵਲ ਬਾਈਬਲ ਨੂੰ ਹੀ ਅਧਿਕਾਰ ਦੇ ਅੰਤਿਮ ਸਰੋਤ ਵੱਜੋਂ ਮੰਨਦੀ ਹੈ।

7. ਮੋਰਮੋਨਸ ਦਾਅਵਾ ਕਰਦੇ ਹਨ ਕਿ ਓਹੀ ਕੇਵਲ ਇੱਕ ਸੱਚੀ ਕਲੀਸਿਯਾ ਹੈ ਜਿਸ ਕੋਲ ਸਾਰੇ ਈਸ਼ੁਰੀ ਪ੍ਰਕਾਸ਼ਣ ਪਾਏ ਜਾਂਦੇ ਹਨ। ਉਹ ਇਹ ਮੰਨਦੇ ਹਨ ਕਿ 1830 ਤੱਕ ਪੂਰੀ ਮਸੀਹੀ ਕਲੀਸਿਯਾ ਕੁਧਰਮੀ ਸੀ ਅਤੇ ਇਸ ਸਮੇਂ ਜੋਸੇਫ਼ ਸਮਿਥ ਨੇ ਇਸ ਦੀ ਫਿਰ ਤੋਂ ਸਥਾਪਨਾ ਕੀਤੀ।

8. ਮੋਰਮੋਨਿਸਮ ਦੇ ਸੰਸਥਾਪਕ ਜੋਸੇਫ਼ ਸਮਿਥ ਦੇ ਬਾਰੇ ਆਖਿਆ ਜਾਂਦਾ ਹੈ ਕਿ ਉਹ ਜਨਮ ਤੋਂ ਪਹਿਲਾਂ ਹੀ ਪਰਮੇਸ਼ੁਰ ਦਾ ਅਚੂਕ ਨਬੀ ਹੋਣ ਲਈ ਠਹਿਰਾਇਆ ਗਿਆ ਸੀ।

9. ਮੋਰਮੋਨਸ ਵਿਸ਼ਵਾਸ ਕਰਦੇ ਹਨ ਕਿ ਮਨੁੱਖ ਦਾ ਪਤਨ ਉੱਪਰ ਵੱਲ ਨੂੰ ਪਤਨ ਸੀ। ਜੇਕਰ ਆਦਮ ਨੇ ਉਹ ਫਲ ਨਾ ਖਾਧਾ ਹੁੰਦਾ ਜਿਸ ਨੂੰ ਖਾਣ ਤੋਂ ਉਸ ਨੂੰ ਵਰਜਿਆ ਗਿਆ ਸੀ, ਤਾਂ ਉਸ ਦੀ ਕੋਈ ਸੰਤਾਨ ਨਾ ਹੁੰਦੀ। ਕਿਉਂਕਿ ਉਸ ਨੇ ਉਹ ਫਲ ਖਾਧਾ ਜਿਸ ਨੂੰ ਖਾਣ ਤੋਂ ਉਸ ਨੂੰ ਵਰਜਿਆ ਗਿਆ ਸੀ, ਇਸ ਲਈ ਮਨੁੱਖ ਹੁਣ ਵੰਸ਼ ਨੂੰ ਅੱਗੇ ਵਧਾ ਸਕਦਾ ਹੈ।

10. ਮੋਰਮੋਨਸ ਮੁਰਦਿਆਂ ਦੇ ਬਪਤਿਸਮੇ ਨੂੰ ਵੀ ਮੰਨਦੇ ਹਨ। ਇੱਕ ਜੀਉਂਦਾ ਮੋਰਮੋਨ ਉਸ ਲਈ ਬਪਤਿਸਮਾ ਲੈ ਸਕਦਾ ਹੈ ਜੋ ਬਪਤਿਸਮਾ ਲਏ ਬਿਨ੍ਹਾਂ ਮਰ ਗਿਆ। ਉਹ ਜਾਜਕ ਦੀ ਨਿਗਾਹਬਾਨੀ ਵਿੱਚ ਅਤੇ ਹੈਕਲ ਦੀ ਇਕਾਂਤ ਵਿੱਚ ਮੁਰਦਿਆਂ ਨਾਲ ਪ੍ਰਭੂ ਭੋਜ ਲੈਣ ਨੂੰ ਵੀ ਮੰਨਦੇ ਹਨ।

11. ਮੋਰਮੋਨਸ ਅੱਜ ਵੀ ਬਹੁ ਵਿਆਹ ਨੂੰ ਮੰਨਦੇ ਹਨ ਅਤੇ ਸੇਲੀਸਟਿਅਲ ਵਿਆਹਾਂ ਬਾਰੇ ਵੀ ਸਿਖਾਉਂਦੇ ਹਨ। ਇਹ ਕੇਵਲ ਇਸ ਜੀਵਨ ਲਈ ਹੀ ਨਹੀਂ ਹਨ ਸਗੋਂ ਸਵਰਗੀ ਜੀਵਨ ਲਈ ਵੀ ਹਨ। ਬਹੁਤ ਸਾਰੇ ਮੋਰਮੋਨਸ ਮੰਨਦੇ ਹਨ ਕਿ ਯਿਸੂ ਦਾ ਵਿਆਹ ਮਰਿਯਮ ਅਤੇ ਮਾਰਥਾ ਨਾਲ ਹੋਇਆ ਸੀ।

12. ਮੋਰਮੋਨਸ ਹਜ਼ਾਰ ਸਾਲ ਨੂੰ ਵੀ ਮੰਨਦੇ ਹਨ ਜਿਸ ਦੌਰਾਨ ਮਸੀਹ ਦੋ ਰਾਜਧਾਨੀਆਂ ਤੋਂ ਧਰਤੀ ਉੱਤੇ ਰਾਜ ਕਰੇਗਾ: ਯਰੂਸ਼ਲਮ ਅਤੇ ਅਜ਼ਾਦ ਮਿਸੌਰੀ।

## IV. ਯੂਨੀਫਿਕੇਸ਼ਨ ਚਰਚ

### A. ਪਿਛੋਕੜ

ਯੂਨੀਫਿਕੇਸ਼ਨ ਚਰਚ ਦਾ ਸੰਸਥਾਪਕ ਅਤੇ ਅੱਜ ਕੱਲ ਇਸ ਦਾ ਆਗੂ ਸਨ ਮਊਂਗ ਮੂਨ ਹੈ। ਮੂਨ ਦਾਅਵਾ ਕਰਦਾ ਹੈ ਕਿ 1936 ਵਿੱਚ ਜਦੋਂ ਉਹ 16 ਸਾਲ ਦਾ ਸੀ, ਯਿਸੂ ਮਸੀਹ ਉਸ ਉੱਤੇ ਪਰਗਟ ਹੋਇਆ ਅਤੇ ਆਖਿਆ ਕਿ ਮੂਨ ਉਸ ਮਿਸ਼ਨ ਨੂੰ ਪੂਰਾ ਕਰੇਗਾ ਜੋ ਯਿਸੂ ਨੇ ਸ਼ੁਰੂ ਕੀਤਾ ਸੀ।

1946 ਵਿੱਚ ਉਤਰੀ ਕੋਰੀਆ ਦੀ ਪੁਲਿਸ ਨੇ ਮੂਨ ਨੂੰ ਗ੍ਰਿਫਤਾਰ ਕਰ ਲਿਆ ਅਤੇ ਮੂਨ ਦਾਅਵਾ ਕਰਦਾ ਹੈ ਕਿ ਉਸ ਨੂੰ ਵਿਸ਼ਵਾਸ ਦੇ ਕਾਰਨ ਸਤਾਇਆ ਗਿਆ। ਉਸ ਨੂੰ ਛੱਡਿਆ ਗਿਆ ਅਤੇ ਫਿਰ ਕੈਦ ਵਿੱਚ ਪਾ ਦਿੱਤਾ ਗਿਆ, ਪਰ ਕੋਰੀਆ ਯੁੱਧ ਦੇ ਦੌਰਾਨ ਉਹ ਦੱਖਣ ਨੂੰ ਭੱਜਣ ਵਿੱਚ ਸਫ਼ਲ ਗਿਆ। ਉਸ ਨੇ 1954 ਵਿੱਚ ਦੱਖਣੀ ਕੋਰੀਆ ਵਿੱਚ ਆਪਣੀ ਕਲੀਸਿਯਾ ਦੀ ਸਥਾਪਨਾ ਕੀਤੀ, ਜਿਸ ਦਾ ਨਾਮ ਉਸ ਨੇ ਹੋਲੀ ਸਪਿਰਟ ਏਸੋਸਿਏਸ਼ਨ ਫਾਰ ਦਾ ਯੂਨੀਫਿਕੇਸ਼ਨ ਆਫ਼ ਵਰਲਡ ਕ੍ਰਿਸਚੈਨਟੀ ਰੱਖਿਆ (ਜਿਸ ਨੂੰ ਆਮ ਤੌਰ ਤੇ ਯੂਨੀਫਿਕੇਸ਼ਨ ਚਰਚ ਦੇ ਨਾਮ ਨਾਲ ਜਾਣਿਆ ਜਾਂਦਾ ਹੈ)। 1957 ਵਿੱਚ, ਮੂਨ ਨੇ *ਡਿਵਾਈਨ ਪ੍ਰਿੰਸੀਪਲ* ਨਾਮ ਦੀ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ, ਜੋ ਯੂਨੀਫਿਕੇਸ਼ਨ ਧਰਮ ਵਿਗਿਆਨ ਨੂੰ ਪੇਸ਼ ਕਰਨ ਵਾਲੀ ਇੱਕ ਅਧਿਕਾਰਤ ਪੁਸਤਕ ਹੈ।

1959 ਵਿੱਚ ਇਹ ਸਮੂਹ ਅਮਰੀਕਾ ਤੱਕ ਫੈਲ ਗਿਆ। 1970 ਦੇ ਦਹਾਕੇ ਵਿੱਚ ਮੂਨ ਨੇ ਅਮਰੀਕਾ ਵਿੱਚ ਬਹੁਤ ਲੋਕਾਂ ਦਾ ਧਿਆਨ ਖਿੱਚਿਆ, ਜਿੱਥੇ ਉਸ ਦੇ ਅੰਦੋਲਨ ਨੇ ਮੀਡੀਆ ਦਾ ਬਹੁਤ ਸਾਰਾ ਧਿਆਨ ਖਿੱਚਿਆ, ਪਰ ਜਿਆਦਾ ਇਹ ਨਕਾਰਾਤਮਕ ਹੀ ਸੀ। ਪੈਸਾ ਇਕੱਠਾ ਕਰਨ ਦੇ ਢੰਗਾਂ ਅਤੇ ਅਨੈਤਿਕ ਭਰਤੀ, ਇੱਥੋਂ ਤੱਕ ਕਿ ਮੂਨ ਦੀ ਅਗਵਾਈ ਸ਼ੈਲੀ ਨੂੰ ਲੈ ਕੇ ਵੀ ਵਿਵਾਦ ਖੜੇ ਹੋ ਗਏ। 1982 ਵਿੱਚ ਮੂਨ ਨੂੰ ਕਰ ਚੋਰੀ ਕਰਨ ਦੇ ਮਾਮਲੇ ਵਿੱਚ 18 ਮਹੀਨਿਆਂ ਦੀ ਕੈਦ ਹੋ ਗਈ।

ਯੂਨੀਫਿਕੇਸ਼ਨ ਚਰਚ ਦੇ ਲੱਗਭਗ 10 ਤੋਂ 20 ਲੱਖ ਮੈਂਬਰ ਹਨ, ਜਿਸ ਵਿੱਚੋਂ 10 ਤੋਂ 30 ਹਜ਼ਾਰ ਤੱਕ ਅਮਰੀਕਾ ਵਿੱਚ ਰਹਿੰਦੇ ਹਨ। "ਮੂਨੀਆਂ" ਦੀ ਸਭ ਤੋਂ ਜਿਆਦਾ ਸੰਖਿਆ ਕੋਰੀਆ ਅਤੇ ਜਪਾਨ ਵਿੱਚ ਪਾਈ ਜਾਂਦੀ ਹੈ, ਬਾਹਰਲੇ ਆਮ ਤੌਰ ਤੇ ਉਨ੍ਹਾਂ ਨੂੰ ਇਸ ਨਾਮ "ਮੂਨੀਆਂ" ਨਾਲ ਪੁਕਾਰਦੇ ਹਨ। ਚਰਚ ਨਿਊਯਾਰਕ ਵਿੱਚ ਯੂਨੀਫਿਕੇਸ਼ਨ ਥੀਓਲੋਜੀਕਲ ਸੈਮੀਨਰੀ ਚਲਾਉਂਦਾ ਹੈ ਅਤੇ ਵਪਾਰ ਦੇ ਖੇਤਰ ਵਿੱਚ ਵੀ ਚੰਗੀ ਪਕੜ ਰੱਖਦਾ ਹੈ, ਜਿਸ ਵਿੱਚ ਜਾਣਿਆ ਪਛਾਣਿਆ ਅਖਬਾਰ *ਵਾਸ਼ਿੰਗਟਨ ਟਾਈਮਸ* ਵੀ ਸ਼ਾਮਲ ਹੈ।

### B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. **ਇਸ਼ੁਰੀ ਪ੍ਰਕਾਸ਼ਣ** ਦੇ ਬਾਰੇ, ਯੂਨੀਫਿਕੇਸ਼ਨ ਚਰਚ ਸਿਖਾਉਂਦਾ ਹੈ ਕਿ ਪਰਮੇਸ਼ੁਰ ਨੇ ਆਪਣੀ ਸੱਚਾਈ ਮੂਨ ਉੱਤੇ ਪਰਗਟ ਕੀਤੀ, ਜੋ ਅੱਜ ਦੇ ਜੁਗ ਲਈ ਆਤਮਕ ਸੱਚਾਈ ਲਈ ਪਰਮੇਸ਼ੁਰ ਦਾ ਸਰੋਤ ਹੈ। ਮੂਨ ਦੀ ਸੱਚਾਈ ਖਾਸ ਕਰਕੇ *ਡਿਵਾਈਨ ਪ੍ਰਿੰਸੀਪਲ* ਨਾਮ ਦੀ ਪੁਸਤਕ ਵਿੱਚ ਪਾਈ ਜਾਂਦੀ ਹੈ, ਜੋ ਬਾਈਬਲ ਦਾ "ਤੀਸਰਾ ਨੇਮ" ਹੈ; ਇਸ ਨੂੰ ਬਾਈਬਲ ਤੋਂ ਵੀ ਜਿਆਦਾ ਅਧਿਕਾਰ ਵਾਲਾ ਮੰਨਿਆ ਜਾਂਦਾ ਹੈ।

2. **ਪਾਪ** ਦੇ ਬਾਰੇ, ਮੂਨ ਸਿਖਾਉਂਦਾ ਹੈ ਕਿ ਪਰਮੇਸ਼ੁਰ ਦੀ ਅਸਲ ਯੋਜਨਾ ਇਹ ਸੀ ਕਿ ਆਦਮ ਅਤੇ ਹੱਵਾਹ ਪਰਿਪੱਕ ਹੋਣ ਅਤੇ ਫਿਰ ਇੱਕ ਪਾਪ ਰਹਿਤ ਮਨੁੱਖ ਜਾਤੀ ਨੂੰ ਪੈਦਾ ਕਰਨ। ਪਰ ਸ਼ੈਤਾਨ ਨੇ ਹੱਵਾਹ ਨੂੰ ਆਪਣੇ ਨਾਲ ਨਜ਼ਾਇਜ ਸਰੀਰਕ ਸੰਬੰਧ ਬਣਾਉਣ ਲਈ ਫੁਸਲਾਉਣ ਦੁਆਰਾ ਇਸ ਯੋਜਨਾ ਨੂੰ ਵਿਗਾੜ ਦਿੱਤਾ; ਇਹ ਮਨੁੱਖ ਜਾਤੀ ਨੂੰ ਆਤਮਕ ਭ੍ਰਿਸ਼ਟਤਾ ਵੱਲ ਲੈ ਗਿਆ। ਫਿਰ ਆਦਮ ਨੇ ਹੱਵਾਹ ਨਾਲ ਸਰੀਰਕ ਸੰਬੰਧ ਬਣਾਇਆ (ਆਤਮਕ ਪਰਿਪੱਕਤਾ ਨੂੰ ਪਾਉਣ ਤੋਂ ਪਹਿਲਾਂ), ਇਹ ਮਨੁੱਖ ਜਾਤੀ ਨੂੰ ਸਰੀਰਕ ਭ੍ਰਿਸ਼ਟਤਾ ਵੱਲ ਲੈ ਗਿਆ।

3. ਇਸ ਲਈ **ਮੁਕਤੀ** ਲਈ ਸਰੀਰਕ ਅਤੇ ਆਤਮਕ ਛੁਟਕਾਰੇ ਦੀ ਜ਼ਰੂਰਤ ਹੈ। ਯਿਸੂ ਮਸੀਹ ਇਨ੍ਹਾਂ ਦੋਹਾਂ ਨੂੰ ਪੂਰਾ ਕਰਨ ਲਈ ਧਰਤੀ ਉੱਤੇ ਆਇਆ: ਉਸ ਨੇ ਵਿਆਹ ਕਰਨਾ ਅਤੇ ਪਾਪ ਰਹਿਤ ਜਾਤੀ ਨੂੰ ਪੈਦਾ ਕਰਨਾ ਸੀ, ਜੋ ਸਰੀਰਕ ਅਤੇ ਆਤਮਕ ਛੁਟਕਾਰਾ ਪਾਈ ਹੋਵੇ। ਪਰ, ਕਿਉਂਕਿ ਯਹੂਦੀਆਂ ਨੇ ਯਿਸੂ ਦਾ ਇਨਕਾਰ ਕੀਤਾ, ਇਸ ਲਈ ਯਿਸੂ ਮਨੁੱਖ ਦੀ ਪੂਰੀ ਮੁਕਤੀ ਨੂੰ ਪੂਰਾ ਨਾ ਕਰ ਸਕਿਆ। ਇਸ ਲਈ ਉਸ ਨੇ ਸਲੀਬ ਉੱਤੇ ਮਰਨ ਦੇ ਦੁਆਰਾ ਕੇਵਲ ਆਤਮਕ ਮੁਕਤੀ ਨੂੰ ਹੀ ਪੂਰਾ ਕੀਤਾ। ਇਸ ਲਈ ਹੁਣ ਦੂਸਰੇ ਮਸੀਹ ਦੀ ਲੋੜ ਹੈ, "ਦੂਸਰੇ ਆਗਮਨ ਦਾ ਪ੍ਰਭੂ" ਜੋ ਸਰੀਰਕ ਮੁਕਤੀ ਨੂੰ ਪੂਰਾ ਕਰੇ। ਯੂਨੀਫਿਕੇਸ਼ਨ ਚਰਚ ਦੇ ਜਿਆਦਾ ਮੈਂਬਰ ਮੂਨ ਨੂੰ ਦੂਸਰੇ ਆਗਮਨ ਦਾ ਪ੍ਰਭੂ ਮੰਨਦੇ ਹਨ। ਮੂਨ ਦਾ ਮਿਸ਼ਨ ਇੱਕ ਸੰਪੂਰਨ ਪਰਿਵਾਰ ਨੂੰ ਪੈਦਾ ਕਰਨਾ ਹੈ। ਉਸ ਦੇ ਬਾਰ੍ਹਾਂ ਬੱਚਿਆਂ ਨੂੰ ਪਾਪ ਰਹਿਤ ਮੰਨਿਆ ਜਾਂਦਾ ਹੈ। ਉਸ ਨੇ ਇਸ ਸੰਪੂਰਨਤਾ ਨੂੰ ਆਪਣੇ ਚੇਲਿਆਂ ਤੱਕ ਉਨ੍ਹਾਂ ਦੀ ਆਗਿਆਕਾਰੀ ਦੁਆਰਾ ਵਧਾਉਣਾ ਹੈ, ਜਿਵੇਂ ਕਿ ਮੂਨ ਦੁਆਰਾ ਉਨ੍ਹਾਂ ਦੇ ਵਿਆਹ ਦਾ ਆਯੋਜਨ ਕਰਨਾ ਅਤੇ ਉਨ੍ਹਾਂ ਨੂੰ ਬਰਕਤ ਦੇਣਾ।

4. **ਯਿਸੂ ਮਸੀਹ** ਦੇ ਬਾਰੇ, ਮੂਨ ਇਨਕਾਰ ਕਰਦਾ ਹੈ ਕਿ ਯਿਸੂ ਸੱਚ ਮੁੱਚ ਪਰਮੇਸ਼ੁਰ ਹੈ ਜਾਂ ਪਿਤਾ ਦੇ ਬਰਾਬਰ ਹੈ, ਭਾਵੇਂ ਉਸ ਨੇ ਸਿੱਧਤਾ ਪਾਈ ਅਤੇ ਇਹ "ਈਸ਼ੁਰੀ" ਅਰਥ ਵਿੱਚ ਹੈ।

5. ਉਹ ਬਾਈਬਲ ਦੇ **ਤ੍ਰਿਏਕਤਾ** ਦੇ ਸਿਧਾਂਤ ਦਾ ਇਨਕਾਰ ਕਰਦੇ ਹਨ।

6. ਮਸੀਹ ਦਾ **ਪੁਨਰ ਉਥਾਨ** ਸਰੀਰਕ ਨਹੀਂ ਸੀ ਅਤੇ ਨਾ ਹੀ ਇਸ ਨੇ ਸਾਡੇ ਸਰੀਰਕ ਛੁਟਕਾਰੇ ਨੂੰ ਪੂਰਾ ਕੀਤਾ। ਮਸੀਹ ਇੱਕ ਆਤਮਾ ਦੇ ਰੂਪ ਵਿੱਚ ਉਠਾਇਆ ਗਿਆ ਅਤੇ ਉਸ ਦੇ ਪੁਨਰ ਉਥਾਨ ਨੇ ਸਾਡੀਆਂ ਆਤਮਾਵਾਂ ਦੇ ਛੁਟਕਾਰੇ ਨੂੰ ਪੂਰਾ ਕੀਤਾ।

7. **ਮੌਤ ਤੋਂ ਬਾਅਦ ਦੇ ਜੀਵਨ** ਬਾਰੇ ਮੂਨ ਸਿਖਾਉਂਦਾ ਹੈ ਕਿ ਨਰਕ ਉੱਤੇ ਸ਼ੈਤਾਨ ਦਾ ਰਾਜ ਹੈ ਅਤੇ ਜਿਨ੍ਹਾਂ ਨੇ ਪਰਮੇਸ਼ੁਰ ਦਾ ਇਨਕਾਰ ਕੀਤਾ ਉਨ੍ਹਾਂ ਦੀਆਂ ਆਤਮਾਵਾਂ ਉੱਥੇ ਕੁਝ ਸਮੇਂ ਲਈ ਰਹਿੰਦੀਆਂ ਹਨ। ਜਦੋਂ ਦੂਸਰੇ ਆਗਮਨ ਦਾ ਪ੍ਰਭੂ ਸਾਰੀ ਮਨੁੱਖ ਜਾਤੀ ਨੂੰ ਛੁਟਕਾਰਾ ਦੇਵੇਗਾ, ਤਾਂ ਨਰਕ ਪੂਰੀ ਤਰ੍ਹਾਂ ਨਾਲ ਨਾਸ ਕਰ ਦਿੱਤਾ ਜਾਵੇਗਾ। ਅਖੀਰ ਸਾਰੇ ਮਨੁੱਖ ਈਸ਼ੁਰੀ ਆਤਮਾਵਾਂ ਬਣ ਜਾਣਗੇ ਅਤੇ ਪਰਮੇਸ਼ੁਰ ਨਾਲ ਸਵਰਗ ਵਿੱਚ ਰਹਿਣਗੇ।

## V. ਨਿਊ ਏਜ ਮੂਵਮੈਂਟ

### A. ਪਿਛੋਕੜ

ਨਿਊ ਏਜ ਮੂਵਮੈਂਟ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ "ਲੋਕਾਂ ਅਤੇ ਸੰਸਥਾਵਾਂ ਦਾ ਉਹ ਨੈਟਵਰਕ ਜਿਸ ਦੀ ਕੋਈ ਵਿਵਸਥਾ ਨਹੀਂ ਕੀਤੀ, ਜੋ ਨਵੇਂ ਜੁੱਗ ਨੂੰ ਪਰਕਾਸ਼ ਕਰਨ ਅਤੇ ਸਹਿਮਤੀ ਦੇ ਦਰਸ਼ਣ ਨੂੰ ਸਾਂਝਾ ਕਰਦੇ ਹਨ (ਦਾ 'ਏਜ ਆਫ਼ ਅਕੂਰੀਅਸ') ਅਤੇ ਜੋ ਆਮ "ਦ੍ਰਿਸ਼ਟੀਕੋਣ" ਨੂੰ ਮੰਨਦੇ ਹਨ। ਇਹ ਦ੍ਰਿਸ਼ਟੀਕੋਣ ਇਸ ਵਿਚਾਰ ਨੂੰ ਰੱਖਦਾ ਹੈ ਕਿ ਸਾਰੇ ਇੱਕ ਹਨ (ਅਦਵੈਤਵਾਦ), ਸਾਰੇ ਪਰਮੇਸ਼ੁਰ ਹਨ (ਸਰਬ ਈਸ਼ਵਰਵਾਦ) ਅਤੇ ਲੋਕ ਈਸ਼ੁਰੀ ਸ਼ਕਤੀ ਨਾਲ ਏਕਤਾ ਦਾ ਅਨੁਭਵ ਕਰ ਸਕਦੇ ਹਨ (ਰਹੱਸਵਾਦ)। ਨਿਊ ਏਜ ਮੂਵਮੈਂਟ (NAM) ਬਹੁਤ ਜਿਆਦਾ ਭਿੰਨ ਅਤੇ ਵਿਕੇਂਦਰੀਕ੍ਰਿਤ ਹੈ। ਕੋਈ ਵਿਅਕਤੀ, ਸਮੂਹ ਜਾਂ ਸੰਸਥਾ ਨਹੀਂ ਹੈ ਜੋ ਇਸ ਬਾਰੇ ਗੱਲ ਕਰਦੀ ਹੈ, ਇਹ ਬਹੁਤ ਘੱਟ ਵਿਵਸਥਤ ਹੈ। ਪਰ ਇਸ ਦੀ ਸਾਂਝੀ ਫਿਲਾਸਫੀ ਹੋਣ ਦੇ ਕਾਰਨ, ਨਿਊ ਏਜ ਦੇ ਲੋਕ ਅਲੱਗ ਅਲੱਗ ਢੰਗਾਂ ਨਾਲ ਅਲੱਗ ਅਲੱਗ ਹੱਦ ਤੱਕ ਉਨ੍ਹਾਂ ਦੇ ਸਾਂਝੇ ਵਿਚਾਰਾਂ ਨੂੰ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ।

ਨਿਊ ਏਜ ਮੂਵਮੈਂਟ ਅਲੱਗ ਅਲੱਗ ਸਰੋਤਾਂ ਤੋਂ ਆਪਣੀਆਂ ਧਾਰਨਾਵਾਂ ਨੂੰ ਲੈਂਦਾ ਹੈ ਅਤੇ ਅਕਸਰ ਆਪਣੀਆਂ ਧਾਰਨਾਵਾਂ ਵਿੱਚ ਵਿਰੋਧੀ ਭਾਵ ਵਾਲੇ ਤੱਥਾਂ ਨੂੰ ਰੱਖਦਾ ਹੈ। ਨਿਊ ਏਜ ਫਿਲਾਸਫੀ ਜੀਵਨ ਦੇ ਬਹੁਤ ਸਾਰੇ ਖੇਤਰਾਂ ਵਿੱਚ ਦਾਖਲ ਹੋ ਚੁੱਕੀ ਹੈ, ਜਿਸ ਵਿੱਚ ਸਿਹਤ ਦੀ ਦੇਖਭਾਲ ਵੀ ਸ਼ਾਮਲ ਹੈ, ਜਿਵੇਂ ਕਿ "ਸੰਪੂਰਨ ਸਿਹਤ", ਫਿਲਾਸਫੀ, ਵਿਗਿਆਨ, ਰਾਜਨੀਤੀ (ਸੰਸਾਰ ਦੀ ਇੱਕ ਸਰਕਾਰ), ਪੜ੍ਹਾਈ ਅਤੇ ਵਪਾਰ ਦੇ ਖੇਤਰ ਵਿੱਚ ਵੀ ਪਹੁੰਚ ਗਈ ਹੈ। ਇਸ ਮੂਵਮੈਂਟ ਦੀ ਵਿਵਸਥਾ ਨਾ ਹੋਣ ਦੇ ਕਾਰਨ ਇਸ ਦੇ ਕੁੱਲ ਮੈਂਬਰਾਂ ਦੀ ਗਿਣਤੀ ਨੂੰ ਦੱਸਣਾ ਅਸੰਭਵ ਹੈ। ਰਹੱਸਮਈ ਪੁਸਤਕਾਂ, ਅਖਬਾਰਾਂ, ਮੈਗਜੀਨਾਂ ਅਤੇ ਨਿਊ ਏਜ ਦੇ ਤਿੰਨ ਹਜ਼ਾਰ ਤੋਂ ਜਿਆਦਾ ਪ੍ਰਕਾਸ਼ਕ ਹਨ।

### B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. ਨਿਊ ਏਜ ਦੇ ਲੋਕ ਵਿਸ਼ਵਾਸ ਕਰਦੇ ਹਨ ਕਿ **ਬਾਈਬਲ**, ਖਾਸ ਕਰਕੇ ਮਸੀਹ ਦੀਆਂ ਸਿੱਖਿਆਵਾਂ ਵਿੱਚ ਗੁਪਤ ਭੇਤ ਅਤੇ ਅਰਥ ਹਨ, ਜੋ ਉਨ੍ਹਾਂ ਵਿੱਚੋਂ ਕੁਝ ਹੀ ਲੋਕਾਂ ਦੁਆਰਾ ਸਮਝੇ ਜਾਂਦੇ ਹਨ। ਉਹ ਵਿਸ਼ਵਾਸ ਕਰਦੇ ਹਨ ਕਿ ਜਦੋਂ ਬਾਈਬਲ ਨੂੰ ਪੂਰੀ ਤਰ੍ਹਾਂ ਸਮਝਿਆ ਜਾਂਦਾ ਹੈ ਤਾਂ ਇਹ ਨਿਊ ਏਜ ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੀ ਹੈ ਜੋ ਇਹ ਹੈ ਕਿ ਸਾਰੇ ਇੱਕ ਹਨ, ਸਾਰੇ ਪਰਮੇਸ਼ੁਰ ਹਨ ਅਤੇ ਮਨੁੱਖ ਪਰਮੇਸ਼ੁਰ ਹੈ।

2. **ਪ੍ਰਕਾਸ਼ਣ** ਦੇ ਬਾਰੇ, ਉਹ ਵਿਸ਼ਵਾਸ ਕਰਦੇ ਹਨ ਕਿ ਸੰਸਾਰ ਦੇ ਬਹੁਤ ਸਾਰੇ ਧਰਮ ਅਤੇ ਮਹਾਨ ਧਾਰਮਿਕ ਗੁਰੂ, ਸਾਰੇ ਨਿਊ ਏਜ ਦੀਆਂ ਸੱਚਾਈਆਂ ਸਰਬ ਈਸ਼ਵਰਵਾਦ, ਅਦਵੈਤਵਾਦ ਅਤੇ ਮਨੁੱਖੀ ਈਸ਼ੁਰਤਾਈ ਦੀ ਪੁਸ਼ਟੀ ਕਰਦੇ ਹਨ। ਪ੍ਰਕਾਸ਼ਣ ਸਾਡੇ ਬ੍ਰਹਿਮੰਡ ਦੇ ਬਾਹਰਲੇ ਪ੍ਰਾਣੀਆਂ ਤੋਂ ਆ ਸਕਦਾ ਹੈ, ਜਿਸ ਵਿੱਚ ਦੇਹ ਮੁਕਤ ਮਾਨਵ ਅਤੇ ਉੱਪਰ ਦੇ ਸਵਾਮੀ ਸ਼ਾਮਲ ਹਨ। ਇਹ ਪ੍ਰਕਾਸ਼ਣ ਇੱਕ ਵਿਅਕਤੀ ਦੇ "ਮਾਧਿਅਮ" ਨਾਲ ਆਉਂਦੇ ਹਨ ਜੋ ਜਾਣਕਾਰੀ ਪਰਗਟ ਕਰਨ ਵਾਲੀ ਆਤਮਕ ਸ਼ਕਤੀ ਦੇ ਕਾਬੂ ਵਿੱਚ ਹੁੰਦਾ ਹੈ।

3. ਨਿਊ ਏਜ ਦੇ ਲੋਕ ਵਿਸ਼ਵਾਸ ਕਰਦੇ ਹਨ ਕਿ **ਯਿਸੂ ਮਸੀਹ** ਉਨ੍ਹਾਂ ਲੋਕਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਪਰਮੇਸ਼ੁਰ ਦੀ ਸੱਚਾਈ ਨੂੰ ਮਨੁੱਖਤਾ ਉੱਤੇ ਪਰਗਟ ਕੀਤਾ। ਉਹ ਯਿਸੂ ਅਤੇ ਮਸੀਹ ਵਿੱਚ ਇੱਕ ਸਪਸ਼ਟ ਅੰਤਰ ਕਰਦੇ ਹਨ, "ਯਿਸੂ" ਇੱਕ ਮਨੁੱਖ ਦੇ ਨਾਲ ਸੰਬੰਧਿਤ ਹੈ ਜਿਸ ਦਾ ਨਾਮ ਯਿਸੂ ਹੈ, ਜਦੋਂ ਕਿ "ਮਸੀਹ" ਉਸ ਈਸ਼ੁਰੀ ਸ਼ਕਤੀ ਨਾਲ ਸੰਬੰਧਿਤ ਹੈ ਜੋ ਯਿਸੂ ਦੇ ਅੰਦਰ ਸੀ। ਕੁਝ ਨਿਊ ਏਜ ਦੇ ਲੋਕ ਇਹ ਵੀ ਸਿਖਾਉਂਦੇ ਹਨ ਕਿ ਯਿਸੂ ਪੂਰਬ ਵਿੱਚ ਗਿਆ ਅਤੇ ਪੂਰਬੀ ਗੁਰੂਆਂ ਦੁਆਰਾ ਉਸ ਨੇ ਪਰਕਾਸ਼ ਪ੍ਰਾਪਤ ਕੀਤਾ। ਉਹ ਪਰਕਾਸ਼ ਪਾ ਕੇ ਯਿਸੂ ਕ੍ਰਿਸ਼ਨ ਅਤੇ ਬੁਧ ਵਰਗੇ ਪਵਿੱਤਰ ਲੋਕਾਂ ਵਾਂਗ ਮਾਰਗ ਦਿਖਾਉਣ ਵਾਲਾ ਬਣ ਗਿਆ।

4. **ਪਰਮੇਸ਼ੁਰ** ਦੇ ਬਾਰੇ, ਨਵੇਂ ਜੁੱਗ ਦੇ ਲੋਕ ਸਰਬ ਈਸ਼ਵਰਵਾਦ ਦੇ ਭਾਵ ਨੂੰ ਰੱਖਦੇ ਹਨ। ਜੋ ਇਹ ਹੈ ਪਰਮੇਸ਼ੁਰ ਸਭ ਕੁਝ ਹੈ ਅਤੇ ਸਭ ਕੁਝ ਪਰਮੇਸ਼ੁਰ ਹੈ। ਪਰਮੇਸ਼ੁਰ ਨੂੰ ਵਿਅਕਤੀਗਤ ਰੂਪ ਵਿੱਚ ਨਹੀਂ ਦੇਖਿਆ ਜਾਂਦਾ ਪਰ ਉਸ ਦਾ ਗੈਰ-ਵਿਅਕਤੀਗਤ ਰੂਪ ਵਿੱਚ ਵਰਣਨ ਕੀਤਾ ਜਾ ਸਕਦਾ ਹੈ, ਜਾਂ ਚੇਤਨਾ, ਜਾਂ ਸ਼ਕਤੀ ਦੇ ਰੂਪ ਵਿੱਚ।

5. **ਮਨੁੱਖ** ਦੇ ਬਾਰੇ, ਨਿਊ ਏਜ ਦੇ ਲੋਕ ਮਨੁੱਖੀ ਈਸ਼ੁਰਤਾਈ ਦੀ ਪੁਸ਼ਟੀ ਕਰਦੇ ਹਨ। ਕਿਉਂਕਿ ਸਾਰੇ ਪਰਮੇਸ਼ੁਰ ਹਨ (ਸਰਬ ਈਸ਼ਵਰਵਾਦ) ਅਤੇ ਸਾਰੇ ਇੱਕ ਹਨ (ਅਦਵੈਤਵਾਦ), ਇਹ ਇਸ ਤਰ੍ਹਾਂ ਮੰਨਣਾ ਹੈ ਕਿ ਮਨੁੱਖ ਦੇ ਵਾਂਗ ਸਭ ਕੁਝ ਈਸ਼ੁਰੀ ਏਕਤਾ ਦਾ ਹਿੱਸਾ ਹੈ। ਦੇਵਤਾ ਹੋਣ ਦੇ ਕਾਰਨ, ਮਨੁੱਖ ਦੀ ਅਸੀਮਤ ਸ਼ਕਤੀ ਹੈ ਜੀ ਉਸ ਦੀ ਖੁਦ ਦੀ ਸੱਚਾਈ ਨੂੰ ਵੀ ਵਿਕਸਤ ਕਰ ਸਕਦੀ ਹੈ।

6. ਨਿਊ ਏਜ ਦੇ ਲੋਕਾਂ ਅਨੁਸਾਰ **ਮੁਕਤੀ** ਜ਼ਰੂਰੀ ਨਹੀਂ ਹੈ। ਕਿਉਂਕਿ ਨਿਊ ਏਜ ਦੇ ਲੋਕ ਪਾਪ ਦੇ ਵਿਸ਼ੇ ਦਾ ਇਨਕਾਰ ਕਰਦੇ ਹਨ, ਇਸ ਲਈ ਇਸ ਤੋਂ ਬਚਾਏ ਜਾਣ ਦੀ ਜ਼ਰੂਰਤ ਨਹੀਂ ਹੈ। ਉਹ ਇਹ ਵੀ ਮੰਨਦੇ ਹਨ ਕਿ ਯਿਸੂ ਨੇ ਪਾਪ ਲਈ ਪ੍ਰਾਸਚਿਤ ਨਹੀਂ ਕੀਤਾ। ਲੋਕਾਂ ਦੇ ਜੀਵਨ ਵਿੱਚ ਪਾਪ ਦੇ ਕਰਨ ਰੁਕਾਵਟ ਨਹੀਂ ਆਉਂਦੀ, ਸਗੋਂ ਆਪਣੀ ਖੁਦ ਦੀ ਈਸ਼ੁਰਤਾਈ ਨੂੰ ਪਛਾਨਣ ਵਿੱਚ ਅਸਫਲ ਹੋਣ ਦੇ ਕਾਰਨ ਰੁਕਾਵਟ ਆਉਂਦੀ ਹੈ, ਇਸ ਲਈ ਪਰਕਾਸ਼ ਦੀ ਜ਼ਰੂਰਤ ਹੈ, ਨਾ ਕਿ ਮੁਕਤੀ ਦੀ। ਨਿਊ ਏਜ ਦੇ ਲੋਕ **ਪੁਨਰ ਜਨਮ** ਦੇ ਸਿਧਾਂਤ ਦੀ ਪੁਸ਼ਟੀ ਕਰਦੇ ਹਨ, ਜਿਸ ਦੇ ਦੁਆਰਾ ਮਨੁੱਖ ਫਿਰ ਤੋਂ ਪਰਮੇਸ਼ੁਰ ਨਾਲ ਇੱਕ ਹੋ ਜਾਂਦਾ ਹੈ।

## VI. "ਓਨਲੀ ਜੀਸਸ" ਚਰਚਸ

### A. ਪਿਛੋਕੜ

**"ਓਨਲੀ ਜੀਸਸ"** ਚਰਚਸ ਨੂੰ ਇਸ ਨਾਮ ਇਸ ਲਈ ਪੁਕਾਰਿਆ ਜਾਂਦਾ ਹੈ ਕਿਉਂਕਿ ਉਹ ਬਪਤਿਸਮੇ ਦੀ ਤ੍ਰਿਏਕ ਵਿਧੀ (ਜੋ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਹੈ) ਦਾ ਇਨਕਾਰ ਕਰਦੇ ਹਨ, ਸਗੋਂ ਉਹ ਕੇਵਲ ਯਿਸੂ ਦੇ ਨਾਮ 'ਚ ਬਪਤਿਸਮਾ ਲੈਂਦੇ ਹਨ। ਉਨ੍ਹਾਂ ਨੂੰ "**ਏਕਵਾਦ**" ਕਲੀਸਿਯਾ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਕੇਵਲ ਇਹ ਵਿਸ਼ਵਾਸ ਨਹੀਂ ਕਰਦੇ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਤੱਤਵ ਇੱਕ ਹੀ ਹੈ (ਸਹੀ ਹੈ), ਸਗੋਂ ਇਹ ਵਿਸ਼ਵਾਸ ਵੀ ਕਰਦੇ ਹਨ ਕਿ ਉਨ੍ਹਾਂ ਦਾ ਵਿਅਕਤੀਤੱਤ ਵੀ ਇੱਕ ਹੈ (ਜੋ ਸਹੀ ਨਹੀਂ ਹੈ)। ਇਸ ਤਰ੍ਹਾਂ ਯਿਸੂ ਪਿਤਾ ਹੈ, ਯਿਸੂ ਆਤਮਾ ਹੈ, ਆਤਮਾ ਪਿਤਾ ਹੈ, ਆਦਿ। ਇਸ ਸਿੱਖਿਆ ਨੂੰ "ਮੋਡਾਲਿਜਮ" ਵੀ ਕਿਹਾ ਜਾਂਦਾ ਹੈ ਕਿਉਂਕਿ ਪਰਮੇਸ਼ੁਰ ਜਿਸ ਨੂੰ ਉਹ ਇੱਕ ਵਿਅਕਤੀ ਵੀ ਆਖਦੇ ਹਨ, ਉਸ ਨੇ ਆਪਣੇ ਆਪ ਨੂੰ ਤਿੰਨ "ਮੋਡਸ" ਵਿੱਚ ਪਰਗਟ ਕੀਤਾ।

ਮੰਨਿਆ ਜਾਂਦਾ ਹੈ ਕਿ 1990 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਇਹ ਚਰਚਸ ਅਸੈਂਬਲੀਸ ਆਫ ਗਾਡ (AG) ਤੋਂ ਨਿਕਲੇ ਸਨ। 1996 ਵਿੱਚ ਅਸੈਂਬਲੀਸ ਆਫ ਗਾਡ ਨੇ ਇੱਕ ਸਿਧਾਂਤ ਨੂੰ ਅਪਣਾਇਆ ਜਿਸ ਨੇ ਸਪਸ਼ਟ ਰੂਪ ਵਿੱਚ ਤ੍ਰਿਏਕਤਾ ਪ੍ਰਤੀ ਵਿਸ਼ਵਾਸ ਨੂੰ ਦਿਖਾਇਆ, ਅਤੇ ਏਕਵਾਦ ਵਿੱਚ ਵਿਸ਼ਵਾਸ ਕਰਨ ਵਾਲੇ ਲੋਕਾਂ ਨੂੰ ਬਾਹਰ ਕੱਢ ਦਿੱਤਾ, ਜਿਨ੍ਹਾਂ ਨੇ ਫਿਰ ਆਪਣਾ ਸਮੁਦਾਏ ਅਤੇ ਸੰਗਠਨ ਬਣਾ ਲਿਆ। ਭਾਵੇਂ ਕਿ ਏਕਵਾਦ ਦੇ ਲੱਗਭਗ ਨੱਬੇ ਸਮੁਦਾਏ ਹਨ, ਪਰ ਯੂਨਾਇਟੇਡ ਪੰਤੀਕਾਸਟਲ ਚਰਚ ਇੰਟਰਨੈਸ਼ਨਲ (UPCI) ਸਭ ਤੋਂ ਵੱਡਾ ਹੈ, ਜਿਸ ਦੇ ਸੰਸਾਰ ਭਰ ਵਿੱਚ ਲੱਗਭਗ 10 ਲੱਖ ਮੈਂਬਰ ਹਨ।

### B. ਗੈਰ-ਬਾਈਬਲ ਸਿੱਖਿਆਵਾਂ

1. **ਮਸੀਹ** ਬਾਰੇ, ਏਕਵਾਦ ਨੂੰ ਮੰਨਣ ਵਾਲੇ ਵਿਸ਼ਵਾਸ ਕਰਦੇ ਹਨ ਕਿ ਯਿਸੂ ਪੂਰੀ ਤਰ੍ਹਾਂ ਪਰਮੇਸ਼ੁਰ ਹੈ। ਇਸ ਲਈ ਉਹ ਦਾਅਵਾ ਕਰਦੇ ਹਨ ਕਿ ਯਿਸੂ ਹੀ ਪਿਤਾ ਅਤੇ ਪਵਿੱਤਰ ਆਤਮਾ ਹੈ, ਉਹ ਇਹ ਤਰਕ ਦਿੰਦੇ ਹਨ ਕਿ ਦੇਹਧਾਰੀ ਹੋਣ ਸਮੇਂ ਪਰਮੇਸ਼ੁਰ ਦਾ ਸਭ ਕੁਝ ਦੇਹਧਾਰੀ ਹੋ ਗਿਆ। ਜਿਵੇਂ ਕਿ ਦੱਸਿਆ ਗਿਆ ਹੈ, ਇਹ ਪ੍ਰਾਚੀਨ ਸਿੱਖਿਆ ਮੋਡਾਲਿਜਮ ਨੂੰ ਫਿਰ ਤੋਂ ਸਥਾਪਿਤ ਕਰਨ ਵਾਂਗ ਹੈ।

2. **ਯਿਸੇ ਦੇ ਪੁੱਤਰ ਹੋਣ** ਦੇ ਬਾਰੇ, ਉਹ ਇਹ ਆਖਦੇ ਹਨ ਕਿ ਯਿਸੂ ਕੇਵਲ ਦੇਹਧਾਰੀ ਰੂਪ ਵਿੱਚ ਹੀ ਪੁੱਤਰ ਹੈ (ਪਦ ਦੇ ਕਿਸੇ ਵੀ ਅਰਥ ਵਿੱਚ - "ਮਨੁੱਖ ਦਾ ਪੁੱਤਰ" ਜਾਂ "ਪਰਮੇਸ਼ੁਰ ਦਾ ਪੁੱਤਰ)। ਉਨ੍ਹਾਂ ਅਨੁਸਾਰ, ਪਦ "ਪੁੱਤਰ" ਸਖਤ ਰੂਪ ਵਿੱਚ ਮਸੀਹ ਦੇ ਮਨੁੱਖ ਹੋਣ ਨਾਲ ਸਬੰਧਿਤ ਹੈ। ਪਰ ਏਕਵਾਦ 'ਤੇ ਵਿਸ਼ਵਾਸ ਕਰਨ ਵਾਲੇ ਮਸੀਹ ਦੇ ਸਦੀਪਕ ਕਾਲ ਤੋਂ ਪੁੱਤਰ ਹੋਣ ਦਾ ਇਨਕਾਰ ਕਰਦੇ ਹਨ। ਦੇਹ ਧਾਰਨ ਤੋਂ ਪਹਿਲਾਂ, ਪਰਮੇਸ਼ੁਰ ਨੂੰ "ਸ਼ਬਦ" ਆਖਿਆ ਜਾ ਸਕਦਾ ਹੈ – ਜੋ ਪਿਤਾ ਵੀ ਹੈ – ਪਰ ਪੁੱਤਰ ਨਹੀਂ ਹੈ। ਦੇਹ ਧਾਰਨ ਦੇ ਸਮੇਂ ਪਰਮੇਸ਼ੁਰ ਨੇ ਛੁਟਕਾਰੇ ਦੇ ਮਕਸਦ ਲਈ ਪੁੱਤਰ ਦੀ ਭੂਮਿਕਾ ਲੈ ਲਈ, ਪਰ ਇਸ ਭੂਮਿਕਾ ਦਾ ਇੱਕ ਪੱਕਾ ਅੰਤ ਹੋਵੇਗਾ (ਜੋ ਅੰਤ ਦੇ ਸਮੇਂ

ਹੋਣਾ ਹੈ)।

3. ਏਕਵਾਦ ਧਰਮ ਵਿਗਿਆਨ **ਪਰਮੇਸ਼ੁਰ ਵਿੱਚ ਵਿਅਕਤੀਤਤ ਦੀਆਂ ਭਿੰਨਤਾਵਾਂ** ਨੂੰ ਤਰਕਹੀਣ ਅਤੇ ਵਚਨ ਤੋਂ ਬਾਹਰ ਦੱਸਦਾ ਹੈ। ਯਿਸੂ, ਪਿਤਾ ਅਤੇ ਪਵਿੱਤਰ ਆਤਮਾ ਸਾਰੇ ਇੱਕ ਹੀ ਹਨ ਅਤੇ ਇੱਕ ਹੀ ਵਿਅਕਤੀ ਹਨ। ਬਾਈਬਲ ਦੀਆਂ ਜਿਹੜੀਆਂ ਆਇਤਾਂ ਯਿਸੂ, ਪਿਤਾ ਅਤੇ ਪਵਿੱਤਰ ਆਤਮਾ ਦੇ ਵਿੱਚ ਭਿੰਨਤਾ ਨੂੰ ਪਰਗਟ ਕਰਦੀਆਂ ਹਨ, ਉਹ ਅਸਲ ਵਿੱਚ ਦੇਹ ਧਾਰੀ ਹੋਏ ਯਿਸੂ ਦੇ ਮਨੁੱਖ ਹੋਣ ਅਤੇ ਈਸ਼ੁਰ ਹੋਣ ਵਿੱਚ ਭਿੰਨਤਾ ਨੂੰ ਪਰਗਟ ਕਰਦੀਆਂ ਹਨ। ਜਵਾਬ: 1 ਯੂਹੰਨਾ 4:14; ਯੂਹੰਨਾ 14:16-17

4. **ਮੁਕਤੀ** ਦੇ ਬਾਰੇ, ਏਕਵਾਦ ਦੇ ਲੇਖਕ ਇਸ ਦੀ ਪੁਸ਼ਟੀ ਕਰਨ ਲਈ ਇਤਿਹਾਸਕ ਮਸੀਹਅਤ ਨਾਲ ਸਹਿਮਤੀ ਨੂੰ ਦਰਸਾਉਂਦੇ ਹਨ ਕਿ ਵਿਅਕਤੀ ਦਾ ਬਚਾਏ ਜਾਣ ਲਈ "ਦੁਬਾਰਾ ਜਨਮ ਲੈਣਾ" ਜ਼ਰੂਰੀ ਹੈ। ਪਰ, ਬਾਈਬਲ ਦੀ ਸਿੱਖਿਆ ਕਿ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰਾਇਆ ਜਾਣਾ ਹੈ, ਉਸ ਦੇ ਵਿਰੋਧ ਵਿੱਚ ਏਕਵਾਦ ਦਾ ਧਰਮ ਵਿਗਿਆਨ ਦਾਅਵਾ ਕਰਦਾ ਹੈ ਕਿ ਨਵਾਂ ਜਨਮ ਵਿਸ਼ਵਾਸ, ਤੋਬਾ, ਪਾਣੀ ਦੇ ਬਪਤਿਸਮੇ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਹੁੰਦਾ ਹੈ।
   **ਜਵਾਬ:** ਯੂਹੰਨਾ 1:12; 3:15-16

5. **ਪਾਣੀ ਦਾ ਬਪਤਿਸਮਾ**, ਜੋ ਮੁਕਤੀ ਲਈ ਬਹੁਤ ਜ਼ਰੂਰੀ ਹੈ, ਉਹ ਕੇਵਲ ਡੁਬਕੀ ਨਾਲ ਅਤੇ ਯਿਸੂ ਦੇ ਨਾਮ ਵਿੱਚ ਹੀ ਲੈਣਾ ਚਾਹੀਦਾ ਹੈ। **ਜਵਾਬ:** ਸਲੀਬ ਦੇ ਉੱਤੇ ਚੋਰ: ਲੂਕਾ 23:42-43

6. ਇਸੇ ਤਰ੍ਹਾਂ **ਪਵਿੱਤਰ ਆਤਮਾ ਦਾ ਬਪਤਿਸਮਾ** ਮੁਕਤੀ ਦੇ ਲਈ ਜ਼ਰੂਰੀ ਹੈ ਅਤੇ ਕਦੇ ਵੀ ਅਲੱਗ ਅਲੱਗ ਬੋਲੀਆਂ ਬੋਲਣ ਦੇ "ਸ਼ੁਰੂਆਤੀ ਸਬੂਤ" ਤੋਂ ਬਿਨ੍ਹਾਂ ਨਹੀਂ ਹੁੰਦਾ। **ਜਵਾਬ:** ਅਫਸੀਆਂ 2:8-9; 1 ਕੁਰਿੰਥੀਆਂ 12:30

## VII. ਸੈਵਨਥ-ਡੇ ਐਡਵੇਂਟਿਸਟਸ

### A. ਪਿਛੋਕੜ

ਕਈ ਦਹਾਕਿਆਂ ਤੋਂ ਇਹ ਵਿਵਾਦ ਚੱਲਦਾ ਆ ਰਿਹਾ ਹੈ ਕਿ ਕੀ ਇਹ ਇਹ ਝੂਠਾ ਸਮੂਹ ਹੈ। ਇਸ ਵਿਸ਼ੇ ਦੇ ਅਧਿਕਾਰੀਆਂ ਨੇ ਦੋਵੇਂ ਪਾਸੇ ਲਏ ਹਨ। ਕੋਈ ਵੀ ਨਹੀਂ ਕਹਿੰਦਾ ਕਿ ਸੈਵਨਥ-ਡੇ ਐਡਵੇਂਟਿਸਟਸ ਓਨਾਂ ਹੀ "ਝੂਠਾ ਸਮੂਹ" ਹੈ ਜਿਨੇ ਯਹੋਵਾਹ ਵਿਟਨਸ ਅਤੇ ਮੋਰਮੋਨਸ ਹਨ, ਉਦਾਹਰਣ ਦੇ ਲਈ। ਪਰ ਇਤਿਹਾਸਕ ਸਿਧਾਂਤਾਂ ਅਤੇ ਇੱਥੋਂ ਤੱਕ ਕਿ ਸਮੂਹ ਦੇ ਆਧੁਨਿਕ ਸਿਧਾਂਤਾਂ ਵਿੱਚ ਵੀ "ਝੂਠੇ ਸਮੂਹ" ਦੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ।

ਕਈ ਰੂਪਾਂ ਵਿੱਚ ਅਮਰੀਕਾ ਦੇ ਵਿਲੀਅਮ ਮਿਲਰ ਨੂੰ ਸੈਵਨਥ-ਡੇ ਐਡਵੇਂਟਿਸਟਸ ਦਾ ਆਗੂ ਮੰਨਿਆ ਜਾਂਦਾ ਹੈ, ਭਾਵੇਂ ਕਿ ਉਹ ਇਸ ਅੰਦੋਲਨ ਨਾਲ ਜੁੜਿਆ ਹੋਇਆ ਵੀ ਨਹੀਂ ਹੈ। ਇਹ ਉਸ ਦੁਆਰਾ ਮਸੀਹ ਦੇ ਦੂਸਰੇ ਆਗਮਨ ਦੀ ਤਾਰੀਖ਼ ਨਿਰਧਾਰਤ ਕਰਨਾ ਸੀ, ਜਿਸ ਨੇ ਮਸੀਹੀਆਂ ਦੀ ਉਤਸੁਕਤਾ ਨੂੰ ਵਧਾ ਦਿੱਤਾ ਅਤੇ 1830 ਦੇ ਦਹਾਕੇ ਅਤੇ 1840 ਦੇ ਦਹਾਕੇ ਦੇ ਅਰੰਭ ਵਿੱਚ ਇਸ ਉਤਸੁਕਤਾ ਨੇ ਭਵਿੱਖਬਾਣੀ ਦੇ ਫੈਲਣ ਵਿੱਚ ਸਹਾਇਤਾ ਕੀਤੀ।

ਜਦੋਂ 22 ਅਕਤੂਬਰ 1844 ਨੂੰ ਕੁਝ ਵੀ ਨਹੀਂ ਹੋਇਆ ਤਾਂ ਇੱਕ “ਵੱਡੀ ਨਿਰਾਸ਼ਾ” ਦਾ ਸਮਾਂ ਆਇਆ ਅਤੇ ਦੂਸਰੇ ਲੋਕ ਇਸ ਲਈ ਬਹਾਨੇ ਲੱਭਣ ਲੱਗੇ। ਇੱਕ ਬਹਾਨਾ ਜੋ ਲੱਭਿਆ ਅਤੇ ਦੂਸਰੇ ਦਿਨ ਹੀ ਦੱਸਿਆ ਗਿਆ, ਉਹ ਇਹ ਸੀ ਕਿ ਮਸੀਹ ਉਸ ਦਿਨ ਧਰਤੀ ਉੱਤੇ ਨਹੀਂ ਆਉਣ ਵਾਲਾ ਸੀ ਸਗੋਂ ਉਹ ਮਰੇ ਹੋਏ ਪਾਪੀਆਂ ਨੂੰ ਬਚਾਉਣ ਲਈ ਅੱਤ ਪਵਿੱਤਰ ਸਥਾਨ ਵਿੱਚ ਦਾਖਲ ਹੋਇਆ। ਬਾਅਦ ਵਿੱਚ ਇਸ ਨੂੰ ਹੋਰ ਵਿਕਸਤ ਕੀਤਾ ਗਿਆ “**ਜਾਂਚ ਪੜਤਾਲ ਨਿਆਂ**” ਦਾ ਸਿਧਾਂਤ ਬਣ ਗਿਆ, ਜਿਸ ਨੇ ਇਸ ਅੰਦੋਲਨ ਨੂੰ ਝੂਠੇ ਸਮੂਹ ਹੋਣ ਦੀ ਵਿਸ਼ੇਸ਼ਤਾ ਦਿੱਤੀ।

ਇੱਕ ਦਾਰਸ਼ਨਿਕ ਜਿਸ ਦਾ ਨਾਮ ਏਲਨ ਜੀ. ਵਾਇਟ ਹੈ, ਲੱਗਦਾ ਹੈ ਕਿ ਸੈਵਨਥ-ਡੇ ਐਡਵੇਂਟਿਸਟਸ ਦੀ ਸਥਾਪਨਾ ਦੇ ਪਿੱਛੇ ਉਹ ਸਭ ਤੋਂ ਵੱਡੀ ਤਾਕਤ ਹੈ। ਉਸ ਨੂੰ ਮਿਲਰਵਾਦੀਆਂ ਅਤੇ ਐਡਵੇਂਟਿਸਟਸਸ ਨੂੰ ਇੱਕ ਸਮੁਦਾਏ ਵਿੱਚ ਲੈ ਕੇ ਆਉਣ ਦਾ ਸਿਹਰਾ ਜਾਂਦਾ ਹੈ। ਵੱਡੀ ਨਿਰਾਸ਼ਾ ਦੇ ਦੋ ਮਹੀਨੇ ਬਾਅਦ ਇਸ ਸਤਾਰਾਂ ਸਾਲਾਂ ਕੁੜੀ ਨੇ ਪਹਿਲਾ ਦਰਸ਼ਣ ਦੇਖਿਆ। ਉਸ ਨੇ ਐਡਵੇਂਟਿਸਟਸਸ ਨੂੰ ਸਵਰਗ ਦੇ ਰਾਹ ਉੱਤੇ ਦੇਖਿਆ ਅਤੇ ਜਿਨ੍ਹਾਂ ਨੇ ਐਡਵੇਂਟਿਸਟਸ ਦੀ ਸੱਚਾਈ ਉੱਤੇ ਸ਼ੱਕ ਕੀਤਾ ਉਨ੍ਹਾਂ ਨੂੰ ਰੱਦ ਕੀਤਾ ਹੋਇਆ ਦੇਖਿਆ। ਦੋ ਮਹੀਨੇ ਬਾਅਦ ਉਸ ਨੇ ਅਗਲਾ ਦਰਸ਼ਣ ਦੇਖਿਆ, ਜੋ ਜਿਸ ਵਿੱਚ ਪਹਿਲੇ ਦਰਸ਼ਣ ਨੂੰ ਹੀ ਅੱਗੇ ਵਧਾਇਆ ਗਿਆ ਸੀ ਕਿ 22 ਅਕਤੂਬਰ ਨੂੰ ਪਰਮੇਸ਼ੁਰ ਨੇ ਪਾਪੀਆਂ ਲਈ ਬੂਹੇ ਨੂੰ ਬੰਦ ਕਰ ਦਿੱਤਾ ਹੈ। ਉਸ ਦੇ ਅਗਲੇ ਦਰਸ਼ਣ ਨੇ ਸੈਵਨਥ-ਡੇ ਸਬਤ ਦੀ ਪੁਸ਼ਟੀ ਕੀਤੀ ਜਿਸ ਦਾ ਪ੍ਰਚਾਰ ਜੋਸੇਫ਼ ਬੇਟਸ ਕਰ ਰਿਹਾ ਸੀ। ਅਗਲੇ ਕੁਝ ਸਾਲਾਂ ਤੱਕ ਉਸ ਨੂੰ ਅਤੇ ਉਸ ਦੇ ਵਿਸ਼ਵਾਸੀਆਂ ਨੂੰ ‘ਸਬਤਵਾਦੀ ਅਤੇ ਬੰਦ ਬੂਹਾ’ ਐਡਵੇਂਟਿਸਟਸ ਕਿਹਾ ਗਿਆ।

ਇਹ ਸਮਾਂ ਸਵੈ-ਘੋਸ਼ਿਤ ਨਬੀਆਂ ਦਾ ਸਮਾਂ ਸੀ, ਉਨ੍ਹਾਂ ਨੂੰ ਈਸ਼ੁਰੀ ਪੁਸ਼ਟੀ ਦੇਣ ਦੁਆਰਾ ਵਾਇਟ ਉੱਪਰ ਉਠੀ ਜਿਨ੍ਹਾਂ ਨੂੰ ਆਪਣੇ ਅਹੁਦੇ ਨੂੰ ਦ੍ਰਿੜ ਕਰਨ ਲਈ ਇਸ ਦੀ ਜ਼ਰੂਰਤ ਸੀ। ਉਹ ਕੁਝ ਮਿੰਟਾਂ ਤੋਂ ਲੈ ਕੇ ਕਈ ਘੰਟਿਆਂ ਤੱਕ ਬੇਹੋਸ਼ ਹੋ ਕੇ ਫਰਸ਼ ਤੇ ਪਈ ਰਹਿੰਦੀ ਸੀ। ਜਦੋਂ ਦਰਸ਼ਣ ਸਮਾਪਤ ਹੋ ਜਾਂਦਾ ਸੀ ਤਾਂ ਉਹ ਨਿਰਬਲ ਹੋ ਜਾਂਦੀ ਸੀ ਅਤੇ ਲੰਗੜਾ ਕਿ ਚੱਲਦੀ ਸੀ, ਇਸ ਲਈ ਉਸ ਨੂੰ ਕੁਰਸੀ ਉੱਤੇ ਬੈਠਣਾ ਪੈਂਦਾ ਸੀ। ਇੱਕ ਵਾਰ ਉਸ ਦਾ ਪਤੀ ਜੇਮਸ ਵਾਇਟ ਜੋ ਇੱਕ ਐਡਵੇਂਟਿਸਟਸ ਪ੍ਰਚਾਰਕ ਸੀ, ਉਸ ਦਾ ਸਮਰਥਨ ਕਰਨ ਤੋਂ ਪਿੱਛੇ ਹੱਟ ਗਿਆ। ਉਸ ਦੀ ਪਤਨੀ ਨੂੰ ਆਮ ਲੋਕਾਂ ਦਾ ਸਮਰਥਨ ਉਸ ਤੋਂ ਕਿਤੇ ਜਿਆਦਾ ਸੀ ਜਿਨਾਂ ਉਸ ਨੇ ਸੋਚਿਆ ਸੀ ਅਤੇ ਉਸ ਨੂੰ ਆਪਣੇ ਅਹੁਦੇ ਨੂੰ ਛੱਡਣ ਲਈ ਕਿਹਾ ਗਿਆ, ਬਾਅਦ ਵਿੱਚ ਉਸ ਨੂੰ ਆਪਣੀ ਪਤਨੀ ਦੇ ਦਰਸ਼ਣ ਦੀ ਆਲੋਚਨਾ ਕਰਨ ਦੇ ਕਾਰਨ ਮਾਫ਼ੀ ਮੰਗਣ ਲਈ ਆਖਿਆ ਗਿਆ। ਉਸ ਤੋਂ ਬਾਅਦ ਸ਼੍ਰੀਮਤੀ ਵਾਇਟ ਨੂੰ ਆਪਣੇ ਦਰਸ਼ਣਾਂ ਨੂੰ ਪੇਸ਼ ਕਰਨ ਦਾ ਪੂਰਾ ਅਧਿਕਾਰ ਮਿਲ ਗਿਆ।

## B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. **ਜਾਂਚ ਪੜਤਾਲ ਨਿਆਂ** – ਸੈਵਨਥ-ਦੇ ਐਡਵੇਂਟਿਸਟਸ ਬਹੁਤ ਸਾਰੇ ਲੋਕ ਤੁਹਾਨੂੰ ਨਹੀਂ ਦੱਸ ਸਕਦੇ ਕਿ ਇਹ ਸਿੱਖਿਆ ਕੀ ਹੈ ਅਤੇ ਉਨ੍ਹਾਂ ਦੇ ਬਹੁਤ ਸਾਰੇ ਪਾਸਟਰ ਇਸ ਦੀ ਸਿੱਖਿਆ ਨਹੀਂ ਦਿੰਦੇ। ਪਰ ਸਮੁਦਾਏ ਦੇ ਵਿਸ਼ਵਾਸ ਦੇ ਕਥਨ ਦਾ ਇੱਕ ਮਹੱਤਵਪੂਰਣ ਭਾਗ ਇਸ ਸਿਧਾਂਤ ਦੇ ਬਾਰੇ ਹੈ। ਇਸ ਕਥਨ ਦੀ 1980 ਦੀ ਸੋਧ ਦੀ ਧਾਰਾ 23 ਇਹ ਪੁਸ਼ਟੀ ਕਰਦੀ ਹੈ ਕਿ 1844 ਵਿੱਚ, 2300 ਦਿਨ ਦੇ ਨਬੂਵਤ ਦੇ ਸਮੇਂ ਦੇ ਅੰਤ ਵਿੱਚ ਯਿਸੂ "ਉਸ ਦੀ ਪ੍ਰਾਸਚਿਤ ਦੀ ਸੇਵਕਾਈ ਦੇ ਦੂਸਰੇ ਅਤੇ ਆਖਰੀ ਹਿੱਸੇ ਵਿੱਚ ਦਾਖਲ ਹੋਇਆ" ਅਤੇ ਇਹ "ਜਾਂਚ ਪੜਤਾਲ ਨਿਆਂ ਦਾ ਕੰਮ ਜੋ ਸਾਰੇ ਪਾਪਾਂ ਨੂੰ ਸੰਪੂਰਨ ਰੂਪ ਵਿੱਚ ਦੂਰ ਕਰਨ ਲਈ ਹੈ . . ." ਅੱਜ ਤੱਕ ਜਾਰੀ ਹੈ। ਜਿਵੇਂ ਏਲਨ ਵਾਇਟ ਨੇ ਵਿਆਖਿਆ ਕੀਤੀ ਕਿ ਪਰਕਾਸ਼ ਦੀ ਪੋਥੀ 20:12 ਵਿੱਚ ਆਖੀ ਗਈ ਕਿਤਾਬ ਦੇ ਵਿੱਚ ਲਿਖੇ ਗਏ ਚੰਗੇ ਅਤੇ ਬੁਰੇ ਕੰਮਾਂ ਦੇ ਅਨੁਸਾਰ ਉਨ੍ਹਾਂ ਦੇ ਨਾਮ ਪੁਕਾਰੇ ਜਾਂਦੇ ਹਨ ਅਤੇ "ਚੰਗੀ ਤਰ੍ਹਾਂ ਪੜਤਾਲ ਕੀਤੀ ਜਾਂਦੀ ਹੈ"। ਇਸ ਨਿਆਂ ਦੇ ਸਮੇਂ ਦੌਰਾਨ "ਨਾਮਾਂ ਨੂੰ ਸਵੀਕਾਰ ਕੀਤਾ ਜਾਂਦਾ ਹੈ, ਨਾਮਾਂ ਨੂੰ ਰੱਦ ਕੀਤਾ ਜਾਂਦਾ ਹੈ।" ਜਿਹੜੇ ਰੱਦ ਕੀਤੇ ਗਏ ਹਨ, "ਉਹ ਹਨ ਜਿਨ੍ਹਾਂ ਦੇ ਉੱਤੇ ਕਿਤਾਬ ਦੀ ਲਿਖਤ ਅਨੁਸਾਰ ਪਾਪ ਰਹਿੰਦੇ ਹਨ, ਜਿਨ੍ਹਾਂ ਦੀ ਉਨ੍ਹਾਂ ਨੇ ਤੋਬਾ ਨਹੀਂ ਕੀਤਾ ਅਤੇ ਮਾਫ਼ੀ ਪ੍ਰਾਪਤ ਨਹੀਂ ਕੀਤੀ।" ਜਿਹੜੇ ਸਵੀਕਾਰ ਕੀਤੇ ਗਏ ਹਨ, ਉਹ ਹਨ "ਜਿਨ੍ਹਾਂ ਨੇ ਸੱਚੇ ਦਿਲੋਂ ਪਾਪਾਂ ਤੋਂ ਤੋਬਾ ਕੀਤੀ ਅਤੇ ਇਹ ਦਾਅਵਾ ਕੀਤਾ ਕਿ ਮਸੀਹ ਦਾ ਲਹੂ ਉਨ੍ਹਾਂ ਲਈ ਪ੍ਰਾਸਚਿਤ ਦਾ ਬਲੀਦਾਨ ਹੈ . . . ਅਤੇ ਉਨ੍ਹਾਂ ਦੇ ਚਰਿੱਤਰ ਪਰਮੇਸ਼ੁਰ ਦੀ ਬਿਵਸਥਾ ਦੇ ਅਨੁਸਾਰ ਪਾਏ ਗਏ।" ਕੇਵਲ ਉਨ੍ਹਾਂ ਦੇ ਪਾਪਾ ਹੀ "ਸਾਫ਼ ਕੀਤੇ ਜਾਣਗੇ ਅਤੇ ਉਹ ਸਦੀਪਕ ਜੀਵਨ ਦੇ ਲਈ ਯੋਗ ਗਿਣੇ ਜਾਣਗੇ।"
   ਜਵਾਬ: ਇਸ ਕਲਪਨਾ ਦੇ ਸਮਰਥਨ ਵਿੱਚ ਵਚਨ ਦੀ ਕੋਈ ਵੀ ਆਇਤ ਨਹੀਂ ਹੈ।

2. ਯਿਸੂ ਮਸੀਹ ਦੀ ਮੌਤ ਅਤੇ ਸਲੀਬ ਉੱਤੇ ਵਹਾਇਆ ਗਿਆ ਲਹੂ ਪਾਪਾਂ ਦੀ ਮਾਫ਼ੀ ਦੇ ਲਈ ਕਾਫੀ ਸੀ, ਪਰ **ਪਾਪਾਂ ਨੂੰ ਸਾਫ਼ ਕਰਨ ਲਈ** ਕਾਫੀ ਨਹੀਂ ਸੀ। ਉਹ ਵਿਆਖਿਆ ਕਰਦੇ ਹਨ: ਪਾਪਾਂ ਦਾ ਪੂਰੀ ਤਰ੍ਹਾਂ ਨਾਲ ਸਾਫ਼ ਕੀਤਾ ਜਾਣਾ ਉਸ ਸਮੇਂ ਨਹੀਂ ਹੁੰਦਾ ਹੈ ਜਦੋਂ ਪਾਪ ਮਾਫ਼ ਕੀਤੇ ਜਾਂਦੇ ਹਨ, ਕਿਉਂਕਿ ਇਸ ਦੇ ਬਾਅਦ ਦੇ ਕੰਮ ਅਤੇ ਵਿਹਾਰ ਆਖਰੀ ਫੈਸਲੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਗੋਂ, ਪਾਪ ਉਸ ਸਮੇਂ ਤੱਕ ਲੇਖੇ ਵਿੱਚ ਬਣੇ ਰਹਿੰਦੇ ਹਨ ਜਦੋਂ ਤੱਕ ਜੀਵਨ ਪੂਰਾ ਨਹੀਂ ਹੁੰਦਾ - ਅਸਲ ਵਿੱਚ ਵਚਨ ਇਹ ਦਿਖਾਉਂਦਾ ਹੈ ਕਿ ਇਹ ਨਿਆਂ ਤੱਕ ਰਹਿੰਦੇ ਹਨ।" ਭਾਵੇਂ ਕਿ ਇੱਕ ਜੀਵਨ ਪੂਰਾ ਕੀਤੇ ਹੋਏ ਵਿਅਕਤੀ ਦਾ ਨਾਮ ਜਾਂਚ ਪੜਤਾਲ ਲਈ ਜਾਂਦਾ ਹੈ ਅਤੇ ਸਵੀਕਾਰ ਕੀਤਾ ਜਾਂਦਾ ਹੈ, ਫਿਰ ਵੀ ਪਾਪ ਪੂਰੀ ਤਰ੍ਹਾਂ ਸਾਫ਼ ਨਹੀਂ ਹੁੰਦੇ। ਇਹ ਉਸ ਸਮੇਂ ਤੱਕ ਨਹੀਂ ਹੁੰਦਾ ਜਦੋਂ ਤੱਕ ਮਸੀਹ ਪਾਪਾਂ ਨੂੰ "ਸ਼ੈਤਾਨ ਉੱਤੇ ਨਹੀਂ ਪਾ ਦਿੰਦਾ, ਜਿਸ ਦਾ ਨਿਆਂ ਦੇ ਸਮੇਂ ਸਜ਼ਾ ਨੂੰ ਸਹਿਣਾ ਜ਼ਰੂਰੀ ਹੈ" ਕਿਉਂਕਿ "ਉਹ ਪਾਪ ਦਾ ਜਨਮਦਾਤਾ ਅਤੇ ਵਧਾਉਣ ਵਾਲਾ ਹੈ।" ਜਿਵੇਂ ਇਸਰਾਏਲ ਦਾ ਪਾਪ ਚੁੱਕਣ ਵਾਲੀ ਬੱਕਰੀ ਨੂੰ ਬਾਹਰ ਕੱਢਿਆ ਜਾਂਦਾ ਸੀ, ਉਸੇ ਤਰ੍ਹਾਂ ਸ਼ੈਤਾਨ ਨੂੰ ਉਨ੍ਹਾਂ ਪਾਪਾਂ ਦੇ ਦੋਸ਼ ਲਈ ਜੋ ਉਸ ਨੇ ਪਰਮੇਸ਼ੁਰ ਦੇ ਲੋਕਾਂ ਤੋਂ ਕਰਾਏ ਹਨ, ਹਜ਼ਾਰ ਸਾਲ ਲਈ ਧਰਤੀ ਤੋਂ ਕੱਢਿਆ ਜਾਵੇਗਾ।

**ਜਵਾਬ**: ਇਹ ਸਿਧਾਂਤ ਯਿਸੂ ਦੀ ਮੌਤ ਅਤੇ ਸਲੀਬ ਉੱਤੇ ਲਹੂ ਵਹਾਉਣ ਦੁਆਰਾ ਪੂਰੇ ਕੀਤੇ ਕੰਮ ਦਾ ਇਨਕਾਰ ਕਰਦਾ ਹੈ। ਇਹ ਸਿਧਾਂਤ ਕਿਸੇ ਵੀ ਹੋਰ ਸਿਧਾਂਤ ਨਾਲੋਂ ਸੈਵਨਥ-ਡੇ **ਐਡਵੇਂਟਿਸਟਸ** ਨੂੰ ਮੇਨਲਾਈਨ ਏਵੈਂਜਲੀਕਲ ਲੋਕਾਂ ਤੋਂ ਅਲੱਗ ਕਰਦਾ ਹੈ।

3. *ਦਾ ਸੈਵਨਥ-ਡੇ ਸਬਤ, ਏ ਪ੍ਰੈਪਚੁਅਲ ਸਾਈਨ* ਨਾਮ ਦੀ ਪੁਸਤਕ ਲਿਖੇ ਜਾਣ ਤੋਂ ਬਾਅਦ **ਸ਼ਨੀਵਾਰ ਨੂੰ ਅਰਾਧਨਾ ਕਰਨਾ** ਇੱਕ ਮਹੱਤਵਪੂਰਣ ਪਹਿਲੂ ਬਣ ਗਿਆ, ਬਾਅਦ ਵਿੱਚ ਇਸ ਵਿੱਚ ਇਹ ਚੇਤਾਵਨੀ ਸ਼ਾਮਲ ਕਰਕੇ ਇਸ ਨੂੰ ਵਧਾਇਆ ਗਿਆ ਕਿ ਜਿਹੜੇ ਲੋਕ ਮੱਥੇ ਉੱਤੇ ਦਰਿੰਦੇ ਦੀ ਅਰਾਧਨਾ ਕਰਨ ਲਈ ਮੋਹਰ ਨੂੰ ਪਾਉਣਗੇ, ਉਹ ਇਸ ਤਰ੍ਹਾਂ ਦੇ ਲੋਕ ਹੋਣਗੇ ਜਿਹੜੇ ਐਤਵਾਰ ਦੀ ਅਰਾਧਨਾ ਵਿੱਚ ਦਰਿੰਦੇ ਨੂੰ ਮੰਨਣਗੇ। ਉਸ ਨੇ ਕਿਹਾ ਰੋਮਨ ਕੈਥੋਲਿਕ ਕਲੀਸਿਯਾ ਦੁਆਰਾ ਸਬਤ ਨੂੰ ਸ਼ਨੀਵਾਰ ਤੋਂ ਬਦਲ ਕੇ ਐਤਵਾਰ ਨੂੰ ਕਰ ਦਿੱਤਾ ਗਿਆ। ਉਹ ਤਰਕ ਦਿੰਦੇ ਹਨ ਕਿ ਦਸ ਹੁਕਮਾਂ ਦੇ ਮੂਲ ਸਿਧਾਂਤ ਬਦਲੇ ਨਹੀਂ ਜਾ ਸਕਦੇ।
   **ਜਵਾਬ**: ਪੁਨਰ ਉਥਾਨ ਤੋਂ ਬਾਅਦ ਕਲੀਸਿਯਾ ਅਰਾਧਨਾ ਦੇ ਲਈ ਹਫ਼ਤੇ ਦੇ ਪਹਿਲੇ ਦਿਨ ਇਕੱਠੀ ਹੋਣ ਲੱਗੀ। ਯੂਹੰਨਾ 20:1; ਰਸੂਲਾਂ ਦੇ ਕਰਤੱਬ 20:7; 1 ਕੁਰਿੰਥੀਆਂ 16:2; ਪਪਰਕਾਸ਼ ਦੀ ਪੋਥੀ 1:10
   ਇਬਰਾਨੀਆਂ 4:9 ਇਹ ਦਰਸਾਉਂਦਾ ਹੈ ਕਿ ਸਬਤ ਦਾ ਅਰਾਮ ਉਹ ਅਰਾਮ ਹੈ ਜਿਸ ਨੂੰ ਕੋਈ ਵਿਅਕਤੀ ਉਸ ਸਮੇਂ ਪਾਉਂਦਾ ਹੈ ਜਦੋਂ ਉਹ ਨਵਾਂ ਜਨਮ ਲੈਂਦਾ ਹੈ ਅਤੇ ਮੁਕਤੀ ਪਾਉਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਬੰਦ ਕਰ ਦਿੰਦਾ ਹੈ।

4. "**ਆਤਮਾ ਦੇ ਸੌਣ**" ਦੀ ਧਾਰਨਾ ਐਡਵੇਂਟਿਸਟਸ ਸਿਧਾਂਤ ਦਾ ਇੱਕ ਹੋਰ ਪਹਿਲੂ ਹੈ ਜਿਸ ਨੂੰ ਅਕਸਰ ਇਸ ਅੰਦੋਲਨ ਤੋਂ ਬਾਹਰਲੇ ਬਾਈਬਲ ਦੇ ਵਿਦਵਾਨਾਂ ਨੇ ਚੇਤਵਾਨੀ ਦਿੱਤੀ ਹੈ। ਉਹ ਸਿਖਾਉਂਦੇ ਹਨ ਕਿ ਦੇਹ ਅਤੇ ਆਤਮਾ ਦੋਵੇਂ ਬੇਹੋਸ਼ੀ ਦੀ ਅਵਸਥਾ ਵਿੱਚ ਹਨ: ਕਾਰਲਾਈਲੇ ਲਿਖਦਾ ਹੈ, "ਮੌਤ ਇੱਕ ਅਸਲ ਅਤੇ ਸੱਚੀ ਨੀਂਦ ਹੈ, ਇਹ ਗਹਿਰੀ ਅਤੇ ਬੇਹੋਸ਼ੀ ਵਾਲੀ ਨੀਂਦ ਹੈ ਜੋ ਪੁਨਰ ਉਥਾਨ ਤੱਕ ਨਹੀਂ ਖੁੱਲ੍ਹਦੀ।" ਉਹ ਤਰਕ ਦਿੰਦਾ ਹੈ ਕਿ "ਬਾਈਬਲ ਦੀ ਭਾਸ਼ਾ ਸਪਸ਼ਟ ਕਰਦੀ ਹੈ ਕਿ ਪੂਰਾ ਮਨੁੱਖ ਸੌਂਦਾ ਹੈ, ਨਾ ਕਿ ਉਸ ਦਾ ਇੱਕ ਭਾਗ। ਇਸ ਬਾਰੇ ਕੁਝ ਨਹੀਂ ਆਖਿਆ ਗਿਆ ਕਿ ਮਨੁੱਖ ਕੇਵਲ ਆਪਣੇ ਸਰੀਰ ਨਾਲ ਹੀ ਸੌਂਦਾ ਹੈ ਅਤੇ ਉਸ ਦੀ ਆਤਮਾ ਜਾਗਦੀ ਅਤੇ ਸੁਚੇਤ ਰਹਿੰਦੀ ਹੈ।"
   ਜਵਾਬ: ਯੂਹੰਨਾ 11:11-14; 2 ਕੁਰਿੰਥੀਆਂ 5:6-8; ਫਿਲਿੱਪੀਆਂ 1:21-14
5. **ਸਦੀਪਕ ਸਜ਼ਾ -** ਉਹ ਬਾਈਬਲ ਦੀ ਇਸ ਸਿੱਖਿਆ ਦਾ ਇਨਕਾਰ ਕਰਦੇ ਹਨ ਕਿ ਗੈਰ-ਵਿਸ਼ਵਾਸੀ ਨਰਕ ਵਿੱਚ ਸਦੀਪਕ ਕਾਲ ਲਈ ਸਜ਼ਾ ਭੋਗਣਗੇ। *ਸਿਧਾਂਤ ਉੱਤੇ ਪ੍ਰਸ਼ਨ* ਵਿੱਚ, ਜੋ 1957 ਵਿੱਚ ਪ੍ਰਕਾਸ਼ਿਤ ਹੋਇਆ, ਉਨ੍ਹਾਂ ਨੇ **ਆਪਣੇ ਤਰਕ ਦੇ ਪੰਜ ਕਾਰਨ** ਦੱਸੇ।

   1) ਕਿਉਂਕਿ ਸਦੀਪਕ ਜੀਵਨ ਪਰਮੇਸ਼ੁਰ ਵੱਲੋਂ ਦਾਨ ਹੈ (ਰੋਮੀਆਂ 6:23)। ਦੁਸ਼ਟਾਂ ਨੂੰ ਇਹ ਨਹੀਂ ਮਿਲਣਾ। ਉਹ "ਜੀਵਨ ਨੂੰ ਨਹੀਂ ਦੇਖਣਗੇ" (ਯੂਹੰਨਾ 3:36); "ਕਿਸੇ ਵੀ ਖੂਨੀ ਵਿੱਚ ਸਦੀਪਕ ਜੀਵਨ ਨਹੀਂ ਟਿਕਦਾ," (1 ਯੂਹੰਨਾ 3:15)।

**ਜਵਾਬ:** ਇਹ ਸਹੀ ਹੈ। ਉਨ੍ਹਾਂ ਕੋਲ ਸਦੀਪਕ ਜੀਵਨ ਨਹੀਂ ਹੈ, ਉਨ੍ਹਾਂ ਕੋਲ ਸਦੀਪਕ ਮੌਤ ਹੈ, ਪਰਮੇਸ਼ੁਰ ਨਾਲੋਂ ਸਦੀਪਕ ਅਲੱਗਤਾਈ। 2 ਥੱਸਲੁਨੀਕੀਆਂ 1:8-9

2) ਕਿਉਂਕਿ ਸਦੀਪਕ ਸਤਾਓ ਪਾਪ, ਦੁੱਖ ਅਤੇ ਸਰਾਪ ਨੂੰ ਦ੍ਰਿੜ ਅਤੇ ਅਮਰ ਕਰੇਗਾ ਅਤੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਈਸ਼ੁਰੀ ਪ੍ਰਕਾਸ਼ਣ ਦੇ ਵਿਰੋਧ ਵਿੱਚ ਜੋ ਅਜਿਹੇ ਸਮੇਂ ਦੀ ਉਡੀਕ ਕਰਦਾ ਹੈ ਜਦੋਂ ਇਹ ਸਭ ਨਹੀਂ ਹੋਵੇਗਾ (ਪਰਕਾਸ਼ ਦੀ ਪੋਥੀ 21:4)
**ਜਵਾਬ:** ਜਿਸ ਵਚਨ ਦਾ ਉਹ ਹਵਾਲਾ ਦਿੰਦੇ ਹਨ ਉਹ "ਨਵੀਂ ਧਰਤੀ ਅਤੇ ਨਵੇਂ ਅਕਾਸ਼" ਵਿੱਚ ਹੈ। ਪਾਪੀਆਂ ਦਾ ਇਸ ਵਿੱਚ ਕੋਈ ਭਾਗ ਨਹੀਂ ਹੋਵੇਗਾ। ਆਇਤ 8 ਇਹ ਘੋਸ਼ਣਾ ਕਰਦੀ ਹੈ ਕਿ ਉਨ੍ਹਾਂ ਦਾ ਸਥਾਨ "ਉਸ ਝੀਲ ਵਿੱਚ ਹੈ ਜੋ ਅੱਗ ਅਤੇ ਗੰਧਕ ਨਾਲ ਬਲਦੀ ਹੈ, ਇਹ ਦੂਈ ਮੌਤ ਹੈ," ਪਰਮੇਸ਼ੁਰ ਨਾਲੋਂ ਅਲੱਗ ਅਤੇ ਸਦਾ ਲਈ ਜੀਵਨ (ਪਰਕਾਸ਼ ਦੀ ਪੋਥੀ 20:10)

3) ਕਿਉਂਕਿ ਸਾਨੂੰ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਸਦੀਪਕ ਕਾਲ ਦੌਰਾਨ ਪਰਮੇਸ਼ੁਰ ਦੇ ਬ੍ਰਹਿਮੰਡ ਵਿੱਚ ਇੱਕ ਧੱਬਾ ਲਗਾਉਣ ਦੇ ਵਾਂਗ ਹੈ ਅਤੇ ਇਸ ਤਰ੍ਹਾਂ ਵੀ ਲੱਗਦਾ ਹੈ ਕਿ ਇਸ ਧੱਬੇ ਨੂੰ ਸਾਫ਼ ਕਰਨਾ ਪਰਮੇਸ਼ੁਰ ਲਈ ਵੀ ਅਸੰਭਵ ਹੈ।
**ਜਵਾਬ**: ਮੂਰਖਤਾ। "ਪਰਮੇਸ਼ੁਰ ਦੇ ਲਈ ਕੁਝ ਵੀ ਅਸੰਭਵ ਨਹੀਂ ਹੈ।" ਉਹ ਪਰਮੇਸ਼ੁਰ ਦੀ ਯੋਜਨਾ ਉੱਤੇ ਆਪਣੇ ਤਰਕਾਂ ਨੂੰ ਰੱਖਦੇ ਹਨ ਅਤੇ ਉਸ ਦਾ ਵਿਰੋਧ ਕਰਦੇ ਹਨ।

4) ਕਿਉਂਕਿ ਸਾਡੀ ਸੋਚ ਅਨੁਸਾਰ ਇਹ ਪਰਮੇਸ਼ੁਰ ਦੇ ਚਰਿੱਤਰ ਵਿੱਚ ਵਿਸ਼ਵਾਸ ਦੇ ਗੁਣ ਤੋਂ ਹੇਠਾਂ ਗਿਰਨਾ ਹੋਵੇਗਾ ਅਤੇ ਕ੍ਰੋਧ ਨੂੰ ਉੱਚਾ ਉਠਾਉਣਾ ਹੋਵੇਗਾ ਜੋ ਕਦੇ ਸ਼ਾਂਤ ਨਹੀਂ ਹੋਵੇਗਾ।
**ਜਾਵਬ:** ਪਰਮੇਸ਼ੁਰ ਦੇ ਪਿਆਰ ਦੀ ਲੰਬਾਈ, ਚੌੜਾਈ, ਉਚਾਈ ਅਤੇ ਗਹਿਰਾਈ ਸਾਰੇ "ਜੋ ਵਿਸ਼ਵਾਸ ਕਰਦੇ ਹਨ" ਉਨ੍ਹਾਂ ਲਈ ਪਰਗਟ ਕੀਤੀ ਗਈ ਹੈ ਅਤੇ ਉਪਲੱਬਧ ਹੈ (ਯੂਹੰਨਾ 3:16), ਪਰ ਉਹ ਜੋ ਯਿਸੂ ਦਾ ਇਨਕਾਰ ਕਰਦੇ ਹਨ ਅਤੇ ਵਿਸ਼ਵਾਸ ਨਹੀਂ ਕਰਦੇ, ਉਹ "ਜੀਵਨ ਨੂੰ ਨਹੀਂ ਦੇਖਣਗੇ, ਪਰ ਪਰਮੇਸ਼ੁਰ ਦਾ ਕ੍ਰੋਧ ਉਨ੍ਹਾਂ ਉੱਤੇ ਸਦਾ ਲਈ ਬਣਿਆ ਰਹਿੰਦਾ ਹੈ (present continuos tense)"। ਇਹ ਸਦੀਪਕ ਮੌਤ ਹੈ, ਪਰਮੇਸ਼ੁਰ ਤੋਂ ਅਲੱਗਤਾਈ।

5) ਕਿਉਂਕਿ ਵਚਨ ਇਹ ਸਿਖਾਉਂਦਾ ਹੀ ਕਿ ਮਸੀਹ ਦਾ ਪ੍ਰਾਸਚਿਤ ਦਾ ਕੰਮ "ਪਾਪ ਨੂੰ ਦੂਰ ਕਰਨਾ" ਹੈ (ਇਬਰਾਨੀਆਂ 9:26) ਪਹਿਲਾਂ ਹਰੇਕ ਵਿਅਕਤੀ ਤੋਂ ਅਤੇ ਫਿਰ ਸਾਰੇ ਬ੍ਰਹਿਮੰਡ ਤੋਂ। ਮਸੀਹ ਦੇ ਬਲੀਦਾਨ ਅਤੇ ਪ੍ਰਾਸਚਿਤ ਦੇ ਕੰਮ ਦਾ ਸੰਪੂਰਨ ਫਲ ਕੇਵਲ ਛੁਡਾਏ ਹੋਏ ਲੋਕਾਂ ਵਿੱਚ ਹੀ ਦਿਖਾਈ ਨਹੀਂ ਦੇਵੇਗਾ, ਸਗੋਂ ਪੁਨਰ ਸਥਾਪਿਤ ਕੀਤੇ ਗਏ ਧਰਤੀ ਅਤੇ ਅਕਾਸ਼ ਵਿੱਚ ਵੀ (ਅਫਸੀਆਂ 1:14)।
**ਜਵਾਬ:** ਹਾਂ ਇਹ ਕਥਨ ਸਹੀ ਹੈ। ਪਰ ਇਹ ਇਸ ਗੱਲ ਨੂੰ ਨਹੀਂ ਠੁਕਰਾਉਂਦਾ ਕਿ "ਅੱਗ ਦੀ ਝੀਲ" ਹੈ ਜਿੱਥੇ

ਸਾਰੇ ਪਾਪੀ, ਸ਼ੈਤਾਨ, ਦਰਿੰਦਾ ਅਤੇ ਝੂਠੇ ਨਬੀ "ਦਿਨ ਰਾਤ ਸਦਾ ਲਈ ਦੁੱਖ ਭੋਗਣਗੇ।" ਪਰਕਾਸ਼ ਦੀ ਪੋਥੀ 20:10

## VIII. ਮਾਈਂਡ ਸਾਇੰਸਸ

### A. ਪਿਛੋਕੜ

"ਮਾਈਂਡ ਸਾਇੰਸਸ" ਉਨ੍ਹਾਂ ਝੂਠੇ ਸਮੂਹਾਂ ਦਾ ਮਿਸ਼ਰਣ ਹੈ ਜੋ ਪਰਮੇਸ਼ੁਰ ਅਤੇ ਕੁਦਰਤ ਦੀ ਸੱਚਾਈ ਦੇ ਬਾਰੇ ਸਾਂਝੇ ਵਿਚਾਰ ਰੱਖਦੇ ਹਨ। ਉਨ੍ਹਾਂ ਨੂੰ "ਮਾਈਂਡ ਸਾਇੰਸਸ" ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਹ ਪਰਮੇਸ਼ੁਰ ਨੂੰ "ਈਸ਼ੁਰੀ ਮਨ" ਆਖਦੇ ਹਨ, ਜੋ ਗੈਰ-ਵਿਅਕਤੀਗਤ ਸਿਧਾਂਤ ਹੈ। ਮਾਈਂਡ ਸਾਇੰਸ ਸਮੂਹ ਸਿਖਾਉਂਦੇ ਹਨ ਕਿ ਈਸ਼ੁਰੀ ਮਨ ਸੰਪੂਰਨ ਸੱਚਾਈ ਦੀ ਰਚਨਾ ਹੈ; ਭੌਤਿਕ ਸੰਸਾਰ ਜਾਂ ਤਾਂ ਅਸਲ ਵਿੱਚ ਹੈ ਹੀ ਨਹੀਂ ਜਾਂ ਈਸ਼ੁਰੀ ਮਨ ਦਾ ਇੱਕ ਪਹਿਲੂ ਹੈ। ਮਾਈਂਡ ਸਾਇੰਸ ਦੀ ਸਿੱਖਿਆ ਸਰਬ ਈਸ਼ਵਰਵਾਦੀ ਹੈ, ਸਭ ਕੁਝ ਜੋ ਹੈ ਉਸ ਵਿੱਚ ਪਰਮੇਸ਼ੁਰ ਹੈ।

ਅਸੀਂ ਕੇਵਲ ਵੱਡੇ ਤਿੰਨ ਸਮੂਹਾਂ ਦੇ ਬਾਰੇ ਹੀ ਵਿਚਾਰ ਕਰਾਂਗੇ।
**ਮਸੀਹੀ ਵਿਗਿਆਨ** (CS) ਦੀ ਸਥਾਪਨਾ ਮੇਰੀ ਬੇਕਰ ਏਡੀ ਨੇ 1879 ਵਿੱਚ ਕੀਤੀ। ਉਸ ਦੇ ਵਿਚਾਰ ਉਸ ਦੀ ਪੁਸਤਕ *ਸਾਇੰਸ ਐਂਡ ਹੈਲਥ ਵਿਦ ਕੇ ਟੂ ਸਕ੍ਰਿਪਚਰ* ਦੁਆਰਾ ਲੋਕਾਂ ਵਿੱਚ ਪੇਸ਼ ਕੀਤੇ ਗਏ। "ਅਧਿਆਤਮਕ ਚੰਗਾਈ" ਉਸ ਦੀ ਸਿੱਖਿਆ ਦਾ ਮਹੱਤਵਪੂਰਣ ਭਾਗ ਅਤੇ CS ਦੀ ਪ੍ਰਮੁੱਖ ਧਾਰਨਾ ਹੈ। ਅੱਜ ਲੱਗ ਭੱਗ 250,000 ਮਸੀਹੀ ਵਿਗਿਆਨੀ ਹਨ।

**ਧਾਰਮਿਕ ਵਿਗਿਆਨ** (RS), ਇਸ ਨੂੰ ਮਨ ਦੇ ਵਿਗਿਆਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਇਸ ਦੀ ਸਥਾਪਨਾ 1927 ਵਿੱਚ ਐਰਨੇਸਟ ਹੋਲਮਸ ਦੁਆਰਾ ਕੀਤੀ ਗਈ। ਉਸ ਦੀ ਮੁੱਖ ਪੁਸਤਕ *ਸਾਇੰਸ ਆਫ਼ ਮਾਈਂਡ* ਹੈ। ਉਨ੍ਹਾਂ ਦੇ ਲੱਗਭਗ 600,000 ਮੈਂਬਰ ਹਨ ਅਤੇ ਇਹ ਮਾਈਂਡ ਸਾਇੰਸ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸਮੂਹ ਹੈ।

**ਯੂਨਿਟੀ ਸਕੂਲ ਆਫ਼ ਕ੍ਰਿਸਚੈਨਟੀ** (USC) 1800 ਦੇ ਦਹਾਕੇ ਦੇ ਅੰਤ ਵਿੱਚ ਇਸ ਦੀ ਸਥਾਪਨਾ ਚਾਰਲਸ ਅਤੇ ਮਾਈਰਟਲ ਫਿਲਮੋਰ ਦੁਆਰਾ ਕੀਤੀ ਗਈ। ਇਸ ਦੇ 300 ਤੋਂ ਜਿਆਦਾ ਕਲੀਸਿਯਾਵਾਂ ਵਿੱਚ 110,000 ਤੋਂ ਜਿਆਦਾ ਮੈਂਬਰ ਹਨ।

### B. ਬਾਈਬਲ ਤੋਂ ਬਾਹਰ ਦੀਆਂ ਸਿੱਖਿਆਵਾਂ ਦਾ ਸਾਰ

1. **ਪ੍ਰਕਾਸ਼ਣ** ਦੇ ਬਾਰੇ:
   ਯੂਨਿਟੀ ਸਕੂਲ ਆਫ਼ ਕ੍ਰਿਸਚੈਨਟੀ ਅਤੇ ਧਾਰਮਿਕ ਵਿਗਿਆਨ ਸਿਖਾਉਂਦੇ ਹਨ ਕਿ ਸੱਚਾਈ ਕਈ ਧਰਮਾਂ ਦੀ "ਬਾਈਬਲ" ਵਿੱਚ ਪਾਈ ਜਾਂਦੀ ਹੈ, ਪਰ ਇਹ ਪੂਰੀ ਅਤੇ ਸਪਸ਼ਟ ਰੂਪ ਵਿੱਚ ਉਨ੍ਹਾਂ ਦੇ ਸਮੂਹ ਵਿੱਚ ਹੀ ਸਿਖਾਈ ਜਾਂਦੀ ਹੈ। ਇਹ ਕਈ ਧਰਮਾਂ ਦੀਆਂ "ਬਾਈਬਲਾਂ" ਜਿਸ ਵਿੱਚ ਮਸੀਹੀ ਬਾਈਬਲ ਵੀ ਸ਼ਾਮਲ ਹੈ, ਇਨ੍ਹਾਂ ਦਾ ਅਨੁਵਾਦ ਅਧਿਆਤਮਕ ਰੂਪ ਵਿੱਚ ਕੀਤਾ ਜਾਣਾ ਚਾਹੀਦਾ ਹੈ। ਅਰਥਾਤ ਇਸ ਤਰ੍ਹਾਂ ਦਾ ਕੁਝ ਨਹੀਂ ਹੈ ਜੋ ਅਸਲ ਵਿੱਚ ਹੈ।
   ਮਸੀਹੀ ਵਿਗਿਆਨ ਅਲੱਗ ਹੈ, ਜੋ ਇਹ ਦਾਅਵਾ ਕਰਦੀ ਹੈ ਕਿ "ਸੱਚੀ ਮਸੀਹਅਤ" ਕੇਵਲ ਏਡੀ ਦੀ ਪੁਸਤਕ *ਸਾਇੰਸ ਅਤੇ ਹੈਲਥ* ਦੁਆਰਾ ਹੀ ਸਮਝੀ ਜਾ ਸਕਦੀ ਹੈ।

2. **ਪਰਮੇਸ਼ੁਰ** ਨੂੰ ਈਸ਼ੁਰੀ ਮਨ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ: ਗੈਰ-ਵਿਅਕਤੀਗਤ ਫਿਰ ਵੀ ਵਿਅਕਤੀ। ਪਰਮੇਸ਼ੁਰ ਤਿਹਰਾ ਸਿਧਾਂਤ ਜਾਂ ਮਨ ਹੈ: ਜੀਵਨ, ਸੱਚਾਈ ਅਤੇ ਪ੍ਰੇਮ। ਪਰਮੇਸ਼ੁਰ "ਸਭ ਵਿੱਚ ਸਭ" ਹੈ। ਬ੍ਰਹਿਮੰਡ ਦੇ ਵਿੱਚ ਹਰੇਕ ਚੀਜ਼ ਨੂੰ ਸੰਪੂਰਨ ਇੱਕ ਮੰਨਿਆ ਗਿਆ ਹੈ, ਜਿਸ ਨੂੰ "ਸਭ ਇੱਕ ਹੈ" ਵਿੱਚ ਪਰਗਟ ਕੀਤਾ ਗਿਆ ਹੈ।

3. ਮਸੀਹੀ ਵਿਗਿਆਨ **ਭੌਤਿਕ ਸੰਸਾਰ** ਦੇ ਹੋਣ ਦਾ ਇਨਕਾਰ ਕਰਦੀ ਹੈ; ਇਹ ਇੱਕ ਭਰਮ ਹੈ, ਇਹ ਅਸਲ ਵਿੱਚ ਨਹੀਂ ਹੈ। ਧਾਰਮਿਕ ਵਿਗਿਆਨ ਅਤੇ ਯੂਨਿਟੀ ਸਕੂਲ ਆਫ਼ ਕ੍ਰਿਸਚੈਨਟੀ ਭੌਤਿਕਤਾ ਦੀ ਸੱਚਾਈ ਦੀ ਪੁਸ਼ਟੀ ਕਰਦੇ ਹਨ, ਪਰ ਆਖਦੇ ਹਨ ਕਿ ਭੌਤਿਕ ਸੰਸਾਰ ਪਰਮੇਸ਼ੁਰ ਦਾ ਸਰੀਰ ਹੈ; ਉਹ ਹਰੇਕ ਚੀਜ਼ ਵਿੱਚ ਹੈ ਪਰ ਹਰੇਕ ਚੀਜ਼ ਨਾਲੋਂ ਵੱਡਾ ਹੈ (ਸਰਬ ਈਸ਼ਵਰਵਾਦ)।

4. **ਯਿਸੂ** ਕੇਵਲ ਇੱਕ ਵਿਅਕਤੀ ਸੀ, ਸਰੀਰਕ ਰੂਪ ਵਿੱਚ ਈਸ਼ੁਰੀ ਵਿਚਾਰ ਜਾਂ ਪਰਮੇਸ਼ੁਰ ਦਾ ਵਿਚਾਰ। ਯਿਸੂ ਪਰਮੇਸ਼ੁਰ ਦਾ ਪੁੱਤਰ ਸੀ ਪਰ ਪੁੱਤਰ ਪਰਮੇਸ਼ੁਰ ਨਹੀਂ ਸੀ (ਜਿਵੇਂ ਤ੍ਰਿਏਕਤਾ ਨੂੰ ਮੰਨਣ ਵਾਲੇ ਪੁਸ਼ਟੀ ਕਰਦੇ ਹਨ)। ਯਿਸੂ ਮਸੀਹ ਨਹੀਂ ਸੀ; ਸਗੋਂ "ਮਸੀਹ" ਪਰਮੇਸ਼ੁਰ ਦੇ ਈਸ਼ੁਰੀ ਪ੍ਰਕਾਸ਼ਣ ਦਾ ਹਵਾਲਾ ਦਿੰਦਾ ਹੈ ਜੋ ਦੇਹ ਵਿੱਚ ਦੇਹ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਆਉਂਦਾ ਹੈ। ਧਾਰਮਿਕ ਵਿਗਿਆਨ ਇਹ ਪੁਸ਼ਟੀ ਕਰਦੀ ਹੈ ਕਿ ਯਿਸੂ ਮਸੀਹ ਬਣ ਗਿਆ ਅਤੇ ਬਾਕੀ ਸਾਰੇ ਲੋਕ ਵੀ ਇਸੇ ਤਰ੍ਹਾਂ ਹੀ ਮਸੀਹ ਬਣ ਸਕਦੇ ਹਨ। ਉਨ੍ਹਾਂ ਦੇ ਅਨੁਸਾਰ ਮਸੀਹ ਹਰੇਕ ਵਿਅਕਤੀ ਦਾ ਸਰਬ ਉੱਚ ਗੁਣ ਹੈ। ਮਾਈਂਡ ਸਾਇੰਸਸ ਦੇ ਸਾਰੇ ਸਮੂਹ ਸਿਖਾਉਂਦੇ ਹਨ ਕਿ ਮਸੀਹ ਸਾਨੂੰ ਮੁਕਤੀ ਦਾ ਰਾਹ ਦਿਖਾਉਣ ਵਾਲਾ ਹੈ, ਪਰ ਉਹ ਸਾਨੂੰ ਮੁਕਤੀ ਨਹੀਂ ਦੇ ਸਕਦਾ। ਯਿਸੂ ਅਧਿਆਤਮਕਤਾ ਦਾ ਗਿਆਨੀ ਸੀ ਜਿਸ ਨੇ ਈਸ਼ੁਰੀ ਵਿਗਿਆਨ ਦੀਆਂ ਸੱਚਾਈਆਂ ਸਿਖਾਈਆਂ। ਉਸ ਦੀਆਂ ਸਿੱਖਿਆਵਾਂ ਨੂੰ ਅਧਿਆਤਮਕ ਰੂਪ ਵਿੱਚ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ।

5. **ਮਨੁੱਖ ਜਾਤੀ** ਸੰਪੂਰਨ, ਪਾਪ ਰਹਿਤ (ਕਿਉਂਕਿ ਪਾਪ ਅਸਲ ਨਹੀਂ ਹੈ) ਅਤੇ ਸਦੀਪਕ ਹੈ। ਉਹ ਪਰਮੇਸ਼ੁਰ ਦਾ ਹਿੱਸਾ ਹਨ। ਧਾਰਮਿਕ ਵਿਗਿਆਨ ਅਤੇ ਯੂਨਿਟੀ ਸਕੂਲ ਆਫ਼ ਕ੍ਰਿਸਚੀਨਟੀ ਸਿਖਾਉਂਦੇ ਹਨ ਕਿ ਮਨੁੱਖੀ ਸਰੀਰ

ਦੂਸਰੀਆਂ ਭੌਤਿਕ ਵਸਤਾਂ ਵਾਂਗ ਹੀ ਈਸ਼ੁਰੀ ਮਨ ਦਾ ਪ੍ਰਕਾਸ਼ਣ ਹੈ।

6. **ਮਸੀਹ ਦੀ ਮੌਤ ਅਤੇ ਪੁਨਰ ਉਥਾਨ** ਬਾਰੇ, ਕਿਉਂਕਿ ਮੌਤ ਇੱਕ ਭਰਮ ਹੈ, ਇਸ ਲਈ ਮਸੀਹ ਸਲੀਬ ਉੱਤੇ ਨਹੀਂ ਮਰਿਆ ਨਤੀਜੇ ਵੱਜੋਂ ਸਰੀਰਕ ਪੁਨਰ ਉਥਾਨ ਬੇਲੋੜਾ ਸੀ ਅਤੇ ਹੈ।

7. **ਪਾਪ,** ਭੌਤਿਕ ਵਸਤਾਂ, ਦੁਸ਼ਟ, ਬਿਮਾਰੀ ਅਤੇ ਮੌਤ ਅਸਲ ਨਹੀਂ ਹਨ, ਉਹ ਇੱਕ ਭਰਮ ਹਨ; ਉਹ ਕੇਵਲ ਵਿਚਾਰ ਦੇ ਵਿਨਾਸ਼ਕਾਰੀ ਰੂਪ ਹਨ।

8. ਮਨੁੱਖ ਕੋਲ ਪਹਿਲਾਂ ਹੀ ਸਦੀਪਕ **ਮੁਕਤੀ** ਹੈ; ਕੋਈ ਵੀ ਅੰਤਿਮ ਨਿਆਂ ਨਹੀਂ ਹੈ। "ਮੁਕਤੀ" ਉਨ੍ਹਾਂ ਗਲਤੀਆਂ ਤੋਂ ਬਚਣਾ ਹੈ ਜੋ ਪਾਪ, ਬਿਮਾਰੀ ਅਤੇ ਮੌਤ ਪੈਦਾ ਕਰਦੇ ਹਨ। ਲੋਕਾਂ ਨੂੰ ਆਪਣੀ ਅਗਿਆਨਤਾ ਉੱਤੇ ਜਿੱਤ ਪਾਉਣੀ ਹੈ ਅਤੇ ਜਾਨਣਾ ਹੈ ਕਿ ਉਹ ਪਰਮੇਸ਼ੁਰ ਦੇ ਨਾਲ ਇੱਕ ਹਨ। ਹੋਰ ਮਸੀਹੀ ਵਿਗਿਆਨ ਆਖਦੀ ਹੈ ਕਿ ਮਸੀਹੀ ਵਿਗਿਆਨ ਦੇ ਅਨੁਸਾਰ ਚੱਲਣ ਤੋਂ ਬਿਨ੍ਹਾਂ ਸਵਰਗ ਜਾਣ ਦਾ ਹੋਰ ਕੋਈ ਰਾਹ ਨਹੀਂ ਹੈ।

9. ਯੂਨਾਟਿਡ ਸਕੂਲ ਆਫ਼ ਕ੍ਰਿਸਚੈਨਟੀ ਦੀ ਸਭ ਤੋਂ ਅਲੱਗ ਸਿੱਖਿਆ **ਪੁਨਰ ਅਵਤਾਰ** ਲੈਣਾ ਹੈ। ਸਰੀਰਕ ਮੌਤ ਤੋਂ ਬਾਅਦ, ਆਤਮਾ ਇਸ ਦੇ ਅਗਲੇ ਅਵਤਾਰ ਲੈਣ ਤੱਕ ਸੌਂ ਜਾਂਦੀ ਹੈ। ਅਗਲੇ ਪੁਨਰ ਜਨਮ ਵਿੱਚ ਕਿਸੇ ਹੋਰ ਮਨੁੱਖ ਦਾ ਰੂਪ ਲੈਂਦੀ ਹੈ। ਹਰੇਕ ਅਵਤਾਰ ਨੇ ਇਸ ਦੇ "ਕ੍ਰਮ" ਕਰਨੇ ਹਨ ਅਤੇ ਅਗਲੇ ਸਤਰ ਵਿੱਚ ਦਾਖਲ ਹੋਣਾ ਹੈ, ਇਸ ਦਾ ਅੰਤ ਸਦੀਪਕ ਜੀਵਨ ਹੋਵੇਗਾ।

## IX. ਪੁਸਤਕ ਸੂਚੀ


Another Gospel, Ruth A Tucker, Academie Books, Zondervan Publishing House, Grand Rapids Michigan, 1989

Truth And Error, Comparative Charts on Cults and Christianity, Edited and with introductions by Alan W. Gomes, Zondervan Publishing House, Grand Rapids Michigan, 1998